ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 29

ਜੁਲਾਈ-ਸੰਤਬਰ 2023

**ਮੁੱਖ ਸੰਪਾਦਕ :**

ਡਾ. ਸਤਵਿੰਦਰ ਬੇਗੋਵਾਲੀਆ

98154-65620

**ਸਰਪ੍ਰਸਤ :**

ਸੁਖਮਿੰਦਰ ਸੇਖੋਂ

98145-07693

ਡਾ. ਕਰਮਜੀਤ ਸਿੰਘ ਨਡਾਲਾ

98151-86532

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ

98149-44411

ਨਿਸ਼ਾਨ ਸਿੰਘ ਯੂ.ਐਸ.ਏ.

85449-25105

**ਪ੍ਰਬੰਧਕੀ ਕਮੇਟੀ**

ਮਾਸਟਰ ਨਿਸ਼ਾਨ ਸਿੰਘ

ਨਵਜੋਤ ਸਿੰਘ ਯੂ.ਐਸ.ਏ.

## ਇਸ ਅੰਕ ਦੇ ਲੇਖਕ

**ਕਾਵਿ ਸੰਸਾਰ**

ਪ੍ਰੋ. ਕੁਲਵੰਤ ਸਿੰਘ ਔਜਲਾ, ਡਾ. ਧਰਮ ਚੰਦ ਵਾਤਿਸ਼, ਸੁਖਦੇਵ ਸਿੱਧੂ, ਜਗਜੀਤ ਸਿੰਘ ਗੁਰਮ, ਸੁਰਿੰਦਰ ਮਕਸੂਦਪੁਰੀ, ਨਵਰਾਹੀ ਘੁਗਿਆਣਵੀ, ਰਾਜਿੰਦਰ ਵਰਮਾ

**ਗ਼ਜ਼ਲ ਸੱਥ ਅਤੇ ਦੋਹੇ**

ਪ੍ਰਤਾਪ ਪਾਰਸ ਗੁਰਦਾਸਪੁਰੀ, ਸੁਰਜੀਤ ਦੇਵਲ, ਪ੍ਰੋ. ਜਸਵੰਤ ਸਿੰਘ ਕੈਲਵੀ, ਬਲਵਿੰਦਰ ਬਾਲਮ, ਜਨਕਪ੍ਰੀਤ ਬੇਗੋਵਾਲ,

**ਗੀਤਾਂ ਦੀ ਗੂੰਜ**

ਪ੍ਰੋ. ਸਤਵਿੰਦਰ ਬੇਗੋਵਾਲੀਆ, ਪ੍ਰਤਾਪ ਪਾਰਸ ਗੁਰਦਾਸਪੁਰੀ, ਜਗਜੀਤ ਸਿੰਘ ਗੁਰਮ, ਸੁਰਜੀਤ ਦੇਵਲ

**ਲੇਖ**

ਭੁਪਿੰਦਰ ਉਸਤਾਦ, ਪ੍ਰੋ. ਕੁਲਵੰਤ ਸਿੰਘ ਔਜਲਾ

**ਮਿੰਨੀ ਕਹਾਣੀਆਂ**

ਪ੍ਰੋ. ਸਤਵਿੰਦਰ ਬੇਗੋਵਾਲੀਆ, ਮਲਕੀਤ ਦਰਦੀ, ਭੀਮ ਸਿੰਘ ਗਰਚਾ, ਮਲਕੀਤ ਦਰਦੀ

**ਨਾਟਕ**

ਸੁਖਮਿੰਦਰ ਸੇਖੋਂ

**ਸਮੀਖਿਆ**

ਡਾ. ਜਸਵੰਤ ਬੇਗੋਵਾਲ, ਪ੍ਰੋ. ਸਤਵਿੰਦਰ ਬੇਗੋਵਾਲੀਆ

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਸੰਪਾਦਕੀ ਮੰਡਲ ਦੇ ਸਾਰੇ ਵਿਅਕਤੀ ਆਨਰੇਰੀ ਤੌਰ 'ਤੇ ਕੰਮ ਕਰਦੇ ਹਨ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।

**ਰਚਨਾਵਾਂ ਭੇਜਣ ਲਈ ਪਤਾ**

**Email : satwinderbegowal@gmail.com**
**daljit44411@yahoo.co.in**

ਲੇਖਕ ਆਪਣੀਆਂ ਰਚਨਾਵਾਂ 98154-65620 ਤੇ ਵਟਸਐਪ ਕਰਨ ਦੀ ਖੇਚਲ ਕਰਨ
ਡਾਕ ਰਾਹੀਂ ਭੇਜਣ ਦੇ ਚਾਹਵਾਨ ਆਪਣੀਆਂ ਰਚਨਾਵਾਂ ਟਾਈਪ ਕਰਕੇ ਰਜਿਸਟਰਡ ਪਾਰਸਲ ਰਾਹੀਂ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹਨ।
ਸਤਵਿੰਦਰ ਬੇਗੋਵਾਲੀਆ, ਟਾਂਡਾ ਰੋਡ, ਵਾਰਡ ਨੰ. 2 ਬੇਗੋਵਾਲ (ਕਪੂਰਥਲਾ) 144621



# ਕਾਵਿ ਸੰਸਾਰ

## ਨਿੱਕਾ ਜੇਹਾ ਆਸਮਾਨ

ਪ੍ਰੋ. ਕੁਲਵੰਤ ਸਿੰਘ ਔਜਲਾ



ਨਿੱਕਾ ਜੇਹਾ ਆਸਮਾਨ ਉਡਣ ਲਈ ਲੋੜੀਂਦਾ
ਕਾਹਦਾ ਝਗੜਾ ਬਹੁਤੀ ਦਾ ਜਾਂ ਥੋੜੀ ਦਾ
ਕਿੱਡਾ ਵੀ ਕੋਈ ਬੋਝ ਅਚਾਨਕ ਆ ਧਮਕੇ
ਟੈਕਾਂ ਦੇ ਨਾਲ ਰੱਬ ਦਾ ਘਰ ਨਹੀਂ ਤੋੜੀਦਾ
ਸ਼ਬਦਾਂ ਦੀਆਂ ਕਮਾਈਆਂ ਯੁੱਗ ਯੁੱਗ ਜੀਂਵਦੀਆਂ
ਸ਼ਬਦਾਂ ਨਾਲ ਹਮੇਸ਼ਾ ਟੁੱਟਿਆ ਜੋੜੀਦਾ
ਜੋਸ਼ ਜਨੂੰਨ 'ਚ ਵਹਿਕੇ, ਭੁੱਲਕੇ ਸਭ ਕਾਇਦੇ
ਵਸਦਾ ਰਸਦਾ ਨਹੀਂ ਪਰਿਵਾਰ ਵਿਛੋੜੀਦਾ
ਆਪਣੇ ਢਿੱਡ ਨੂੰ ਭਰਨ ਵਾਸਤੇ ਕਮਅਕਲਾ
ਲਹੂ ਮਾਸੂਮਾਂ ਦਾ ਨਹੀਂ ਕਦੇ ਨਿਚੋੜੀਦਾ
ਜਦੋਂ ਸਭ ਹਥਿਆਰ ਬੇਮਾਅਨਾ ਹੋ ਜਾਵਣ
ਉਦੋਂ ਵਕਤ ਨੂੰ ਸ਼ਬਦਾਂ ਨਾਲ ਝੰਜੋੜੀਦਾ
ਬਾਹੂਬਲੀ ਬਹੁ ਆਏ ਓੜਕ ਕਿਰ ਗਏ ਸਭ
ਬਹੁਤਾ ਨਹੀਂ ਹੰਕਾਰ ਕਰੀਦਾ ਮੋਹੜੀਦਾ
ਬੇਇਤਬਾਰੇ ਯੁੱਗ ਦੇ ਬੰਦੇ ਕੀ ਜਾਨਣ
ਕਿੰਨਾ ਮੁੱਲ ਤੇ ਮਾਣ ਸੀ ਗੁੜ ਦੀ ਰੋੜੀ ਦਾ
ਧੀਆਂ ਦੇ ਵਿੱਚ ਕੋਮਲ ਜੇਹੀ ਜਾਨ ਹੁੰਦੀ
ਕੋਮਲਤਾ ਨੂੰ ਹਰਗਿਜ਼ ਨਹੀਂ ਮਰੋੜੀਦਾ
ਦੇਖਿਓ ਨਵੀਂ ਸਵੇਰ ਲਾਜ਼ਮੀ ਫੁੱਟੇਗੀ
ਵਹਿਣ ਸੁਰਾਂ ਦਾ ਅੰਬਰ ਵਲ ਨੂੰ ਮੋੜੀਦਾ
ਉਡਾ ਐੜਾ ਈੜੀ ਸੱਸਾ ਸਾਂਭ ਲਈਏ
ਪਿਉ ਦਾਦੇ ਦਾ ਦਿੱਤਾ ਇੰਜ ਨਹੀਂ ਰੋਹੜੀਦਾ

97, ਮਾਡਲ ਟਾਊਨ, ਕਪੂਰਥਲਾ
ਮੋ. 84377-88856

◆◆◆

# ਸਵੈ-ਸੰਜਮ

**ਡਾ. ਧਰਮ ਚੰਦ ਵਾਤਿਸ਼**

ਭਾਵਕਤਾ ਵੱਲ
ਉਦੋਂ ਤੇਰੀ
ਭਰੀ ਹੋਈ
ਪਰਵਾਜ਼ ਸੀ!
ਤੱਕਣ ਦਾ ਵੀ
ਉਦੋਂ ਤੇਰਾ
ਵੱਖਰਾ ਹੀ
ਅੰਦਾਜ਼ ਸੀ।
ਮੰਗ ਮੰਨਣ ਵਿੱਚ
ਉਸ ਨੂੰ ਕੀ
ਇਤਰਾਜ਼ ਸੀ।
ਆਦਤ ਤੇਰੀ
ਵਿਗੜ ਜਾਣ ਦਾ
ਸੁੰਘ ਲਿਆ
ਉਸ ਰਾਜ਼ ਸੀ।
ਤਿਲਕਣ ਵਾਲੇ
ਛੱਪੜ ਕੰਢੇ
ਉਦੋਂ ਤੇਰਾ
ਟਿਕਾਣਾ ਸੀ।
ਅਚੇਤ ਪਾਪ ਦਾ
ਦੋਸ਼ੀ ਫਿਰ ਤੂੰ
ਉਸਨੂੰ ਹੀ
ਠਹਿਰਾਣਾ ਸੀ।
ਵਰਤਣ ਜੇ ਨਹੀਂ
ਦਿੱਤਾ ਉਸਨੇ
ਚੰਦਰਾ ਇਹ
ਭਾਣਾ ਸੀ।
ਭਾਗਾਂ ਵਾਲੇ
ਸਮਝ ਸੋਚ ਕੇ
ਸੱਜਣ ਤੇਰਾ
ਸਿਆਣਾ ਸੀ।
ਪਲਾਂ ਛਿਣਾਂ ਦੇ
ਚਾਵਾਂ ਖਾਤਰ
ਦੋਵਾਂ ਹੀ
ਰੁਲ ਜਾਣਾ ਸੀ।
ਜਦੋਂ ਕਦੇ ਵੀ
ਮੰਦ-ਇੱਛਾ ਦਾ
ਸਿਰ ਨੂੰ ਚੜ੍ਹਿਆ
ਝੱਲ ਹੁੰਦਾ ਹੈ
ਸਵੈ-ਸੰਜਮ ਵਿੱਚ
ਉਸ ਘੜੀ ਦਾ
ਛੁਪਿਆ ਹੋਇਆ
ਹੱਲ ਹੁੰਦਾ ਹੈ।

**496, ਅਜੀਤ ਨਗਰ**
**(ਨੇੜੇ ਗਰੇਵਾਲ ਚੌਕ) ਮਾਲੇਰਕੋਟਲਾ**
**ਮੋ. 9814-46008**

◆◆◆



# ਹੇ ਸਾਡੀ ਪਿਆਰੀ ਭਾਰਤ ਮਾਂ......

**-ਸੁਖਦੇਵ ਸਿੱਧੂ**

ਹੇ ਸਾਡੀ ਪਿਆਰੀ ਭਾਰਤ ਮਾਂ, ਤੂੰ ਪਹਿਲਾਂ ਦੱਸਿਓਂ ਕਿਉਂ ਨਾ,
ਸਾਡੇ ਹਾਕਮਾਂ ਨੇ ਤੈਨੂੰ ਰੋਲਿਆ ਥਾਂ ਕੁਥਾਂਹ।
ਮੈਨੂੰ ਕਿਤਾਬਾਂ ਦੱਸਿਆ ਕਿ ਤੈਨੂੰ ਮਿਲਦੀਆਂ ਗੂੜ੍ਹੀਆਂ ਛਾਵਾਂ,
ਤੂੰ ਖ਼ੁਸ਼ਹਾਲ ਸੌ ਚਾਰੇ ਪਾਸੋ, ਚੁੰਗੀਆਂ ਭਰਨ ਹਵਾਵਾਂ।
ਤੇਰੇ ਦਿਲ ਵਿੱਚ ਤੇਰ ਮੇਰ ਨਹੀਂ ਪੁੱਤਰਾਂ ਧੀਆਂ ਵਿਚਾਲੇ,
ਏਡੇ ਵੱਡੇ ਪਰਿਵਾਰ ਦੀ ਮਾਤਾ, ਖ਼ੁਸ਼ੀਆਂ ਚਾਅ ਉਛਾਲੇ।
ਤੂੰ ਪਾਉਂਦੀ ਰਹੀ ਪਰਦੇ ਕਾਹਤੋਂ, ਦੱਸਣੋ ਰਹੀ ਪਿਛਾਂਹ......
ਤੇਰੇ ਨਾਂ ਤੇ ਆਜ਼ਾਦੀ ਵਾਲੀਆਂ ਬਹੁਤ ਵੱਜਦੀਆਂ ਡੀਂਗਾਂ,
ਖ਼ਬਰਾਂ ਦੇ ਵਿੱਚ ਐਂ ਭਰਮਾਉਂਦੇ, ਜਿਵੇਂ ਸਿਖਰੀ ਚੜ੍ਹੀਆਂ ਪੀਂਘਾਂ!
ਭੁੱਖਾਂ ਤੇ ਮੰਦਹਾਲੀ ਘੜਿਆ, ਤੇਰਾ ਫਿੱਕੜਾ ਸਾਇਆ
ਬਚਪਨ ਏਥੇ ਕਰੇ ਚਾਕਰੀ, ਬੁਢਾਪਾ ਵੀ ਕੁਮਲਾਇਆ।
ਚੋਰ ਉਚੱਕੇ ਘਿਓ ਖਿਚੜੀ ਨੇ, ਕਿਰਤਾਂ ਖੁੱਸਦੀਆਂ ਤਾਂ....
ਲੋਹਾ ਸੋਨਾ ਕੋਲਾ ਹੀਰੇ, ਤੇਲ ਨਿਲਾਮ ਹੈ ਤੇਰੇ ਨੀਂ ਧਰਤੀ
ਸਾਹ ਰੋਲਦੀ, ਦੁੱਖਾਂ ਜਕੜੀਏ, ਤੈਨੂੰ ਕੋਹਿਆ ਤੇਰੇ ਬਾਜਾਂ ਨੇ,
ਤੂੰ ਤਾਂ ਹੈ ਬੱਸ ਨਾਂ ਦੀ ਹੀ ਮਾਤਾ, ਦੱਸਿਆ ਵੈਣੀ ਸਾਜਾਂ ਨੇ।
ਕੂੜ ਕਬਾੜ ਨਿੱਤ ਫੈਲਦਾ ਰਹਿੰਦਾ, ਮਰਦਾ ਨਹੀਂ ਪਰ੍ਹਾਂ......
ਦੀਨ ਈਮਾਨ ਨੇਤਾਵਾਂ ਨੇ ਛੱਡਿਆ, ਜੋਰਾਵਾਰਾਂ ਦੀ ਚਾਂਦੀ ਨੀਂ,
ਕਰੋੜਾਂ ਦੀ ਗਿਣਤੀ ਭੁੱਖੀ ਸੌਂਦੀ, ਡੰਗ ਦਾ ਡੰਗ ਵੀ ਖਾਂਦੀ ਨਹੀਂ।
ਵੱਡੀਆਂ ਘੁਟਾਲਿਆਂ ਤੈਨੂੰ ਰੋਲਿਆ, ਨਾਲੇ ਸ਼ਾਹੂਕਾਰਾਂ ਦਲਾਲਾਂ ਨੇ,
ਮੂੰਹ ਦੇ ਮਿੱਠੂ, ਸੋਚ ਦੇ ਕਾਲੇ, ਖੇਡਦੇ ਗੰਦੀਆਂ ਚਾਲਾਂ ਨੇ।
ਲਿਖ ਕੇ ਸੰਮਨ ਭੇਜ ਦੇਈਏ, ਉਨ੍ਹਾਂ ਦੇਸ਼ ਦੁਸ਼ਮਣਾਂ ਦੇ ਨਾਂ.....

**ਪਿੰਡ ਤੇ ਡਾ. ਸਿਧਵਾਂ ਦੋਨਾਂ**
**(ਕਪੂਰਥਲਾ)** 144625
**ਮੋ. 98886-33481**

◆◆◆

# ਧੀਆਂ

**ਜਗਜੀਤ ਸਿੰਘ ਗੁਰਮ**



ਇਹ ਕਵਿਤਾਵਾਂ
ਚਿੜੀਆਂ ਕੁੜੀਆਂ।
ਜਦ ਵੀ ਕਿਧਰੇ
ਕੱਠੀਆਂ ਜੁੜੀਆਂ।
ਸੱਭੇ ਆਪਣਾ ਦੁੱਖ ਸੁਨਾਵਣ
ਤੁਰੀਆਂ, ਫੇਰ ਕਦੋਂ ਨੇ ਮੁੜੀਆਂ।

ਸਿਤਮ ਕੋਈ ਜਦ
ਧੀ 'ਤੇ ਹੋਵੇ।
ਧੀ ਹੀ ਕੱਲੀ
ਪੀੜ ਪਰੋਵੇ।
ਧੀ ਹੀ ਕੱਲੀ
ਆਪਾ ਖੋਵੇ।
ਪੂਰੀ ਪੂਰੀ
ਅੱਖੋਂ ਚੋਵੇ
ਕੋਈ ਨਾ ਉਹਦੇ
ਕੋਲ ਖਲੋਵੇ।
ਕਵਿਤਾ ਉਹਦਾ
ਦੁੱਖੜਾ ਰੋਵੇ।
ਆਪਣਾ ਆਪ
ਬਚਾਉਂਦੀ ਫਿਰਦੀ
ਚੰਦਰੇ ਜਗ ਦੀਆਂ
ਨੀਤਾਂ ਥੁੜੀਆਂ
ਇਹ ਕਵਿਤਾਵਾਂ
ਚਿੜੀਆਂ ਕੁੜੀਆਂ।

ਇਹਨਾਂ ਦੇ ਸੰਗ
ਵੱਸਦੇ ਵਿਹੜੇ।
ਇਹਨਾਂ ਦੇ ਸੰਗ
ਖੁਸ਼ੀਆਂ ਖੇੜੇ।
ਕਿਉਂ? ਇਹਨਾਂ ਦੇ
ਜ਼ਖਮ ਨੇ ਛੇੜੇ।
ਕਿਉਂ? ਇਹਨਾਂ ਲਈ



ਬੂਹੇ ਭੇੜੇ।
ਇਹਨਾਂ ਖਾਤਰ
ਕਾਹਦੇ ਝੇੜੇ
ਕੁਦਰਤ ਵਾਂਗੂੰ
ਸਭ ਦੇ ਨੇੜੇ।
ਸੁਣ ਵੇ ਲੋਕਾ
ਕਰ ਕੋਈ ਚਾਰਾ
ਕਿਉਂ? ਲਾਲਚ ਸੰਗ
ਧੀਆਂ ਰੁੜੀਆਂ।
ਇਹ ਕਵਿਤਾਵਾਂ
ਚਿੜੀਆਂ ਕੁੜੀਆਂ।

ਧੀਆਂ ਲਈ ਦਿਨ
ਠੰਢੇ ਤੱਤੇ।
ਧੀਆਂ ਤਾਈਂ
ਖੈਰਾਂ ਸੱਤੇ।
ਧੀਆਂ ਨੇ ਜਦ
ਚਰਖੇ ਕੱਤੇ।
ਮਾਪਿਆਂ ਕਿਸੇ
ਸੁਨੇਹੇ ਘੱਤੇ।
ਧੀਆਂ ਦੇ ਸਿਰ
ਸਾਲੂ ਰੱਤੇ
ਧੀਆਂ ਸੰਗ
ਸਰੀਂਹ ਦੇ ਪੱਤੇ।
ਜਦ ਵੀ ਆਵਣ
ਦਰਦ ਮਿਟਾਵਣ
'ਗੁਰਮਾ' ਇਹ
ਦੁਖ ਦਾਰੂ ਪੁੜੀਆਂ।
ਇਹ ਕਵਿਤਾਵਾਂ
ਚਿੜੀਆਂ ਕੁੜੀਆਂ

**ਮ. ਨੰ. 1008/ 29/ 2, ਗਲੀ ਨੰ. 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ, ਲੁਧਿਆਣਾ**
**ਮੋ. 99147-01668**

◆◆◆

# ਫੁੱਲ

ਸੁਰਿੰਦਰ ਮਕਸੂਦਪੁਰੀ

ਅਕਸਰ ਗੁਜ਼ਰਦਾ ਹਾਂ ਮੈਂ
ਉਸ ਹੁਸੀਨ ਫੁੱਲਾਂ ਵਾਲੇ
ਬਾਗ ਦੇ ਰਾਹ-ਰਸਤਿਉਂ
ਮਹਿਕਾਂ ਵੰਡਦੇ ਚੌਂਕ-ਚੌਰਸਤਿਉਂ
ਇੱਕ ਬਸੰਤੀ ਬਹਾਰ ਦੀ ਸਵੇਰੇ
ਸੂਹੇ ਸੰਵੇਦਨਸ਼ੀਲ ਰੰਗ 'ਚ ਖਿੜਦਿਆਂ
ਮੇਰੀ ਮਨ-ਵੇਦਨਾ ਪੜ੍ਹਦਿਆਂ
ਕੰਡਿਆਂ 'ਚ ਘਿਰਿਆ ਗੁਲਾਬ
ਮਿਹਰਬਾਨ ਹੋਇਆ
ਮੇਰੇ ਮਨ ਦਾ ਮਹਿਤਾਬ
ਕੁਰਬਾਨ ਹੋਇਆ
ਤੇ ਮੇਰੇ ਰੂ-ਬ-ਰੂ
ਉਹਦਾ ਫੁਰਮਾਨ ਹੋਇਆ
ਕਿਉਂ ਮੁੱਖ ਮੋੜਦਾ ਏ ਮੈਥੋਂ
ਐ ਰੱਬ ਦੇ ਬੰਦੇ
ਜ਼ਰਾ ਰੁਕ
ਛੱਡ ਦੁਨੀਆਂ ਦੇ ਧੰਦੇ
ਸੇਵਾ ਲਈ ਹਾਜ਼ਰ ਹਾਂ
ਲੈ ਕੇ, ਮਹਿਕਾਂ ਦਾ ਭੰਡਾਰ
ਸਜਾ ਕੇ, ਰੰਗ-ਬਰੰਗਾ ਸੰਸਾਰ।
ਜ਼ਰਾ ਠਹਿਰ
ਘੜੀ-ਪਲ-ਪਹਿਰ
ਮੇਰੇ ਸਾਥ ਨੂੰ ਮਾਣ
ਮੇਰੀ ਵਫ਼ਾ ਨੂੰ ਪਰਖ
ਸਹਿਜ, ਸੁਹਜ ਨੂੰ ਪਛਾਣ।
ਵੇਖੀਂ ਫਿਰ 'ਮਕਸੂਦਪੁਰੀ'
ਸਿਖਰਾਂ ਨੂੰ ਛੂਹ ਮਹਿਕੇਂਗੀ
ਤੇਰੀ ਕਾਵਿ-ਉਡਾਰੀ ਬਹੁਰੰਗੀ
ਅੰਬਰਾਂ ਨੂੰ ਮਿਲ ਟਹਿਕੇਗੀ
ਤੇਰੀ ਕਲਮ ਦੀ ਸੋਚ ਸਤਰੰਗੀ!

**234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ. 99887-10234**

◆◆◆

*ਕਾਵਿ-ਵਿਅੰਗ*

# ਤਿੱਖਾ ਬਾਣ

**ਨਵਰਾਹੀ ਘੁਗਿਆਣਵੀ**


ਬੱਚੇ ਦੇਸ਼ ਦੇ, ਦੁਖੀ ਹਾਲਾਤ ਹੱਥੋਂ,
ਵਤਨ ਛੱਡ ਪਰਦੇਸਾਂ ਨੂੰ ਜਾਣ ਲੱਗੇ।
ਬੜਾ ਦੁਖ ਹੋਇਆ, ਪਿੱਛੇ ਮਾਪਿਆਂ ਨੂੰ,
ਜਦੋਂ ਲਾਡਲੇ ਰੋਣ ਕੁਰਲਾਣ ਲੱਗੇ।
ਕੋਈ ਦਰਦ ਨਾ ਕੌਮ ਦੇ ਰਹਿਬਰਾਂ ਨੂੰ,
ਜਿਹੜੇ ਆਪਣੇ ਹੀ ਗੁਣ-ਗਾਣ ਲੱਗੇ।
ਸੱਚੀ ਗੱਲ ਤਾਂ ਇਨ੍ਹਾਂ ਨੂੰ ਇਉਂ ਲੱਗੇ,
ਜਿਵੇਂ ਹਿਰਨ ਤਾਈਂ ਤਿੱਖਾ ਬਾਣ ਲੱਗੇ।

**-ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ**
**ਫਰੀਦਕੋਟ-151203**
**ਮੋਬਾ. 98150-02302**

◆◆◆

# ਇਹ ਜ਼ਿੰਦਗੀ ਹੈ

**ਰਾਜਿੰਦਰ ਵਰਮਾ**



ਜ਼ਿੰਦਗੀ 'ਚ ਭਰ ਦਿਓ ਤਿੰਨੋ ਰੰਗ।
ਦੇਖਿਓ ਜ਼ਿੰਦਗੀ ਨਾ ਰਹਿ ਜਾਏ ਬਦਰੰਗ।
ਬਚਪਨ ਬੀਤ ਜਾਵੇਗਾ, ਬਣ ਬਾਦਸ਼ਾਹੀਆਂ
ਨਾ ਹੁੰਦੀ ਜਿਸ ਵਿੱਚ ਰੱਤੀ ਭਰ ਵੀ ਸੰਗ।
ਜੁਆਨੀ 'ਚ ਪੈਰ ਰੱਖਿਓ ਸੰਭਾਲ-ਸੰਭਾਲ ਕੇ
ਨਹੀਂ ਤਾਂ ਹੋਣਾ ਪੈ ਜਾਣੈ ਐ ਤੁਹਾਨੂੰ ਤੰਗ।
ਬੁਢੇਪਾ ਨਾ ਰੁਲੇ ਅੱਜ ਕਿਸੇ ਦਾ ਵੀ
ਸੁੱਖਾਂ ਸੁਖਦਿਆਂ ਇਹ ਵੀ ਜਾਵੇ ਲੰਘ।
ਸੱਪਾਂ ਨੂੰ ਦੁੱਧ ਪਿਲਾ ਕੇ ਤੁਸੀਂ ਥੱਕ ਜਾਉਗੇ,
ਜਦੋਂ ਮਾਰਨੈ, ਉਨ੍ਹਾਂ ਨੇ ਮਾਰਨਾ ਈ ਏ ਡੰਗ।
ਦਹੇਜ ਖ਼ਾਤਿਰ ਉਨ੍ਹਾਂ ਸਾੜ ਦਿੱਤੀ ਧੀ-ਧਿਆਣੀ
ਜਿਹੜੇ ਕਹਿੰਦੇ ਸੀ ਸਾਡੀ ਕੋਈ ਨਹੀਓਂ ਮੰਗ।
ਜ਼ਰਦ ਚਿਹਰੇ, ਭੁੱਕੀ ਤਮਾਕੂੰ, ਪੀ ਰੱਖੀ ਏ ਭੰਗ।
ਰਾਜਾ ਸੀ ਉਹ ਸੌ ਵਿਘੇ ਦਾ ਮਾਲਿਕ,
ਨਸ਼ੇ ਖ਼ਾਤਿਰ ਅੱਜ ਹੋਇਆ ਫਿਰ ਮਲੰਗ।

325, **ਗੁਰੂ ਗੋਬਿੰਦ ਸਿੰਘ ਨਗਰ**
**ਗਲੀ ਨੰ.** 8/6 **ਬਰੋਟਾ ਰੋਡ,**
**ਨਿਊ ਸ਼ਿਮਲਾਪੁਰੀ, ਲੁਧਿਆਣਾ** 141002
**ਮੋ. 99142-21910**

◆◆◆



# .ਗਜ਼ਲ ਸੱਥ ਅਤੇ ਦੋਹੇ

## ਰਾਜਿੰਦਰ ਵਰਮਾ

ਹਿੰਮਤਾਂ ਉਹ ਨਾ ਹਾਰਦੇ।
ਜੋ ਮੰਜ਼ਿਲਾ ਤੋਂ ਦਿਸਦੇ ਪਾਰਦੇ।
ਨੀਵਾਂ ਹੋ ਕੇ ਤੁਰਿਆ ਚੱਲ
ਹਮੇਸ਼ਾ ਕਿਲ੍ਹੇ ਢਹਿੰਦੇ ਹੰਕਾਰ ਦੇ।
ਧੋਖਾ ਦੇ ਗਿਆ ਅੱਧ ਵਿਚਕਾਰੋਂ।
ਕੀ ਕਹਿਣੈ, ਯਾਰੋ ਉਸ ਯਾਰ ਦੇ।
ਤਖਤਾਂ ਭੁੰਜੇ ਕਿਸੇ ਨੂੰ ਬਿਠਾ ਦੇਵੇ,
ਇਹ ਰੰਗ ਨੇ ਸਭ ਉਸ ਕਰਤਾਰ ਦੇ।
ਜ਼ਿੰਦਗੀ 'ਚ ਰਹਿਣਗੇ ਉਹੋ ਸੌਖੇ,
ਜੋ ਚਾਦਰ ਦੇਖ ਕੇ ਪੈਰ ਪਾਸਾਰਦੇ।

ਮੋ. 99142-21910

## ਸੁਰਜੀਤ ਦੇਵਲ

ਸੂਹੇ ਗੁਲਾਬੀ ਫੁੱਲ ਉਹ, ਬਣ ਤਿੱਤਲੀ ਮਿਲਦੀ ਰਹਾਂ।
ਯਾ ਰੱਬ ਸੁਣਦੀ ਮੈਂ ਸਦਾ, ਧੜਕਣ ਉਦੇ ਦਿਲ ਦੀ ਰਹਾਂ।

ਕੈਦ ਵਿਛਾਂਦੇ ਜਾਲ ਨੇ, ਰਾਹਾਂ 'ਚ ਨਜ਼ਰਾਂ ਦੇ ਬੜੇ,
ਖ਼ਾਤਿਰ ਉਦੇ ਮੈਂ ਲਾਉਂਦੀ, ਤਾਂ ਕੰਡ ਮੁਸ਼ਕਿਲ ਦੀ ਰਹਾਂ।

ਸ਼ਕਤੀ ਮਿਰੀ ਭਗਤੀ ਮਿਰੀ, ਈਮਾਨ ਤੇ ਉਹ ਸ਼ਾਹ ਹੈ,
ਮਦਹੋਸ਼ ਤੇ ਖਾਮੋਸ਼ ਮੈਂ, ਫੁੱਲਾਂ ਤਰ੍ਹਾਂ ਖਿਲਦੀ ਰਹਾਂ।

ਜੋਬਨ ਨਿਰਾ ਤੇ ਰੂਪ ਹੈ, ਸੁੱਚਾ ਇਮਾਨਤ ਯਾਰ ਦੀ,
ਉਸ ਦੇ ਇਸ਼ਾਰੇ ਅੱਗ ਦੇ, ਦਰਿਆ 'ਚ ਮੈਂ ਠਿਲਦੀ ਰਹਾਂ।

ਸਾਗਰ ਵਿਸ਼ਾਲ 'ਚ ਘੁੰਮਦੀ, ਕਿਸ਼ਤੀ ਤਰ੍ਹਾਂ ਹੈ ਜ਼ਿੰਦਗੀ,
ਅਟਕਨ ਲਈ ਤਾਂ ਰਾਤ ਨੂੰ, ਮੁਹਤਾਜ ਸਾਹਿਲ ਦੀ ਰਹਾਂ।

ਆਲਮ ਬੜਾ ਜ਼ਾਲਮ ਬੜਾ, ਨਾ ਝੱਲਦਾ ਦੋ ਦਿਲ ਮਿਲੇ
ਹੱਸੇ ਜਦੋਂ ਡੱਸੇ ਜਦੋਂ, ਮੈਂ ਖ਼ੂਬ ਖੁਸ਼ਦਿਲ ਦੀ ਰਹਾਂ।

ਇਕਰਾਰ ਹੈ ਦਿਲਦਾਰ ਹੈ, ਲੱਗੀ ਨਿਭਾਉਂ ਤੋੜ ਉਹ,
'ਦੇਵਲ' ਤਮੰਨਾ ਹੈ ਮਿਰੀ, ਮੈਂ ਯਾਰ ਕਾਬਿਲ ਦੀ ਰਹਾਂ।


**10 ਬੀ/ 490**
**ਨੇੜੇ ਬਾਬਾ ਬਾਲ ਨਾਥ ਮੰਦਿਰ**
**ਧੂਰੀ-148024 (ਸੰਗਰੂਰ)**
**ਮੋ. 92563-67202**


◆◆◆

## ਦੋਹੇ


**ਪ੍ਰੋ. ਜਸਵੰਤ ਸਿੰਘ ਕੈਲਵੀ**


ਵਹਿਸ਼ਤ ਵਹਿਸ਼ਤ ਦੂਰ ਕਰ, ਜੇ ਤੇਰੇ ਵਿੱਚ ਤਾਣ,
ਖਿਲਰੇ ਖੁਸ਼ਬੂ ਕੈਲਵੀ, ਹੋਵੇ ਸਭ ਦਾ ਮਾਣ।

ਮੁੱਖ ਜਾਂਦਾ ਹੈ ਆਦਮੀ, ਮੁੱਕਦੇ ਜਦੋਂ ਸਵਾਸ।
ਚੰਗੇ ਅਮਲਾਂ ਬਾਝ ਪਰ, ਮਿਲਦਾ ਨਰਕ ਨਿਵਾਸ।

ਸੌਖੀ ਪਾਉਣੀ ਦੁਸ਼ਮਣੀ ਔਖੀ ਯਾਰੀ, ਯਾਰ!
ਮੁਸ਼ਕਲ ਮਿਲਦੀ ਕੈਲਵੀ, ਮਿਲਦੀ ਆਪਾ ਵਾਰ!

ਲੱਕ ਨਸ਼ੇ ਦਾ ਤੋੜਿਆ, ਕਹਿੰਦੇ ਲੀਡਰ ਲੋਕ!
ਖ਼ੂਨ ਅਸਾਡਾ ਪੀ ਰਿਹੈ, ਚੰਬੜੀ ਜੀਕੂੰ ਜੋਕ!

ਮਨ ਅੰਦਰ ਸੋ ਚਾਨਣਾ, ਜੇ ਹੈ ਨੂਰੀ ਨੂਰ?
ਖਾਲੀ ਜੀਵਨ ਕੈਲਵੀ ਹੋ ਜਾਂਦੈ ਭਰਪੂਰ!

ਲਿਖ ਗ਼ਜ਼ਲਾਂ ਤੂੰ ਕੈਲਵੀ! ਲਿਖ ਤੂੰ ਭਾਵੇਂ ਗੀਤ
ਲਗਦੈ ਇੱਕ-ਇਕ ਸ਼ਬਦ ਵਿੱਚ ਸੱਚੀ-ਸੁੱਚੀ ਪ੍ਰੀਤ!

ਜਿਸ ਬੰਦੇ ਦੇ ਕੋਲ ਹਨ-ਮਿਹਨਤ ਤੇ ਵਿਸ਼ਵਾਸ,
ਆਮ ਨਹੀਂ ਉਹ ਕੈਲਵੀ। ਉਹ ਬੰਦਾ ਹੈ ਖ਼ਾਸ?



ਵੰਡ ਚੈਨ ਤੂੰ ਸਭ ਨੂੰ, ਖ਼ੁਦ ਨੂੰ ਮਿਲਦਾ ਚੈਨ।
ਭਲਾ ਮੰਗ ਸਰਬਤ ਦਾ, ਬੋਲ ਮਿਲਦਾ ਚੈਨ

ਵੇਖ ਬੁਰਾਈ ਕੈਲਵੀ, ਅੱਖਾਂ ਨਾ ਤੂੰ ਮੀਟ
ਕਰ ਤੂੰ ਡੱਟ ਕੇ ਟਾਕਰਾ, ਕੀ ਤੂੰ ਨਿਹਬਲ ਕੀਟ?

ਚੇਤਨ ਹੋ ਕੇ ਕੈਲਵੀ! ਵੇਖ ਸਮੇਂ ਦੀ ਤੋਰ!
ਗੱਦੀ, ਕੁਰਸੀ ਸਾਂਭਦੇ, ਕੀਕੂੰ ਡਾਕੂ ਚੋਰ!

ਮਨ ਦੇ ਪਿੱਛੇ ਦੌੜ ਨਾ, ਮੱਤ ਨੂੰ ਰੱਖ ਅਡੋਲ!
ਹਰ ਗੱਲ ਵੇਖ ਵਿਚਾਰਕੇ ਕੱਢ ਮੂੰਹੋਂ ਤੂੰ ਬੋਲ!

ਖੋਤੇ ਨੂੰ ਖੋਤਾ ਆਖ ਤੂੰ-ਆਖ ਨਾ ਉਸ ਨੂੰ ਸ਼ੇਰ।
ਝੂਠ, ਕੁਫ਼ਰ ਨਾ ਤੋਲ ਜੇ ਤੂੰ ਮਰਦ ਦਲੇਰ!


**ਬੀ-597, ਰਣਜੀਤ ਐਵੀਨਿਊ**
**ਅੰਮ੍ਰਿਤਸਰ-143001**
**ਫ਼ੋਨ 98783-81474**


◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ



ਹਿੰਮਤ ਵਾਲੇ ਭਿੜਦੇ ਵੇਖੇ ਅਕਸਰ ਲੋਕ ਤੂਫਾਨਾਂ ਨਾਲ।
ਮੰਜ਼ਿਲ ਟੀਚੇ ਸਰ ਨਹੀਂ ਹੁੰਦੇ ਐਂਵੇਂ ਕਦੇ ਜ਼ੁਬਾਨਾਂ ਨਾਲ।
ਮੋੜਨ ਵਾਲੇ ਮੋੜ ਦਿੰਦੇ ਨੇ ਵੇਖਿਆ ਰੁਖ ਦਰਿਆਵਾਂ ਦੇ,
ਰਸਤੇ ਆਪਣੇ ਆਪ ਬਣਾਉਂਦੇ ਖਹਿਕੇ ਲੋਕ ਚਟਾਨਾਂ ਨਾਲ।
ਜਿੱਥੇ ਪੈਰ ਟਿਕਾ ਕੇ ਖੜ੍ਹ ਗਏ ਉਥੋਂ ਲੰਘਣਾ ਮੁਸ਼ਕਿਲ ਏ,
ਜ਼ਿੰਦਾਬਾਦ ਹੈ ਭਾਰਤ ਮਾਤਾ ਫੌਜੀ ਵੀਰ ਜਵਾਨਾਂ ਨਾਲ।
ਇਕ ਵਾਰੀ ਵੀ ਆਪਣਾ ਮੰਨਕੇ ਜਿਸ ਨੂੰ ਸੱਜਣ ਕਹਿ ਦਿੱਤਾ,
ਬਣਕੇ ਰਹਿੰਦੇ ਸਾਹਾਂ ਤੀਕਰ ਉਸਦੇ ਹੀ ਜੀਅ ਜਾਨਾਂ ਨਾਲ।
ਪਾਕਿ ਪਵਿੱਤਰ ਕੀਕਣ ਬੰਦਾ ਦੱਸੋ ਉਹ ਰਹਿ ਸਕਦਾ ਹੈ।
ਸਾਂਭ ਭਿਆਲੀ ਜਿਸਦੀ ਰਹਿੰਦੀ ਹੈ ਬੰਦੇ ਬੇਈਮਾਨਾਂ ਨਾਲ।
ਜਿਸਦੇ ਚੁੱਲ੍ਹੇ ਭੁੱਖ ਮਰੀ ਦੀ ਅੱਗ ਸੁਲਗਦੀ ਰਹਿੰਦੀ ਏ,

ਉਸ ਨੂੰ ਕਾਹਦਾ ਭਾਗ ਭਲਾ ਹੈ ਸੌ ਸੋਨੇ ਦੀਆਂ ਖਾਨਾਂ ਨਾਲ।
ਵਿੱਚ ਹਵਾਵਾਂ ਨਾਮ ਗੂੰਜਦੇ ਸਿਰਫ਼ ਉਨ੍ਹਾਂ ਹੀ ਲੋਕਾਂ ਦੇ,
ਵਾ ਬਾਸਤਾ ਜੋ ਰਹਿੰਦੇ 'ਪਾਰਸ' ਨੇ ਨੀਲੇ ਅਸਮਾਨਾਂ ਨਾਲ।


**787/10, ਪਰੇਮ ਨਗਰ**
**ਨੇੜੇ ਮਹਿਤਾ ਪੀ.ਸੀ.ਓ.**
**ਹਰਦੋਛੰਨੀ ਰੋਡ, ਗੁਰਦਾਸਪੁਰ**
**ਮੋ. 98888-11681**


◆◆◆

## ਬਲਵਿੰਦਰ ਬਾਲਮ



ਜਾ ਵੇ ਅੰਬਰ ਸਾਰਾ ਤੈਨੂੰ ਦੇ ਦਿੱਤਾ
ਕੱਲਾ-ਕੱਲਾ ਤਾਰਾ ਤੈਨੂੰ ਦੇ ਦਿੱਤਾ

ਆਪਾਂ ਸਾਰੀ ਜਾਨ ਤਲੀ 'ਤੇ ਰੱਖ ਦਿੱਤੀ
ਖ਼ੁਦ ਨੂੰ ਡੋਬ ਸਹਾਰਾ ਤੈਨੂੰ ਦੇ ਦਿੱਤਾ।

ਫਿਰ ਵੀ ਸਾਡੇ ਨਾਲ ਬੁਰਾਈ ਕਰਦਾ ਏਂ।
ਬੇੜੀ, ਨਹਿਰ, ਕਿਨਾਰਾ ਤੈਨੂੰ ਦੇ ਦਿੱਤਾ।

ਇਸ ਤੋਂ ਵੱਧ ਕੇ ਹੋਰ ਭਲਾ ਕੀ ਕਰਦੇ ਦੱਸ
'ਬਾਲਮ' ਪਿਆਰਾ-ਪਿਆਰਾ ਤੈਨੂੰ ਦੇ ਦਿੱਤਾ।


**ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਅੱਜ-ਕਲ੍ਹ ਐਡਮਿੰਟਨ-ਕੈਨੇਡਾ**
**ਵੱਟਸਐਪ 98156-25409**


◆◆◆



## ਜਨਕਪ੍ਰੀਤ ਬੇਗੋਵਾਲ

ਮੈਂ ਬਾਬਲ ਦੀ ਧੀ ਵੇ ਮੈਨੂੰ ਮਾਰ ਮੁਕਾਇਆ ਬਾਬਲ ਨੇ।
ਇਸ ਪੱਥਰ ਦੀ ਲੋੜ ਨਹੀਂ ਇਹ ਹੁਕਮ ਸੁਣਾਇਆ ਬਾਬਲ ਨੇ।
ਰਾਮ ਵਿਆਹ ਕੇ ਚੱਲਿਆ ਸੀ ਜਦ ਸੀਤਾ ਜਨਕ ਦੁਲਾਰੀ ਨੂੰ,
ਉਹ ਵੇਲਾ ਸੀ ਹੋਰ ਜਦੋਂ ਸੀ ਗਲ ਨੂੰ ਲਾਇਆ ਬਾਬਲ ਨੇ।
ਜੇਕਰ ਮੇਰੀ ਲੋੜ ਨਹੀਂ ਸੀ ਜੇ ਕੋਈ ਵੀ ਥੋੜ ਨਹੀਂ ਸੀ,
ਮੇਰੀ ਅੰਮੀ ਨੂੰ ਫਿਰ ਕਾਹਤੋਂ ਦੁੱਖ ਵਿੱਚ ਪਾਇਆ ਬਾਬਲ ਨੇ।
ਇੱਛਾ ਸੀ ਉਹ ਡੋਲੀ ਪਾ ਕੇ ਦੇਸ ਪਰਾਏ ਤੋਰੇਗਾ,
ਜੰਮਣ ਤੋਂ ਪਹਿਲਾਂ ਹੀ ਦਿੱਤਾ ਦੇਸ ਪਰਾਇਆ ਬਾਬਲ ਨੇ।
ਕਹਿੰਦੇ ਲੋਕ ਸਿਆਣੇ ਮਾਪੇ ਠੰਢੀਆਂ ਛਾਵਾਂ ਹੁੰਦੇ ਹਨ,
ਮੈਨੂੰ ਕਿਹੜੇ ਰੁੱਖ ਦੀ ਛਾਵੇਂ 'ਪ੍ਰੀਤ' ਬਿਠਾਇਆ ਬਾਬਲ ਨੇ।


**ਵਾਰਡ ਨੰ. 3, ਪਿੰਡ ਤੇ ਡਾਕ. ਬੇਗੋਵਾਲ**
**(ਕਪੂਰਥਲਾ)-144621**
**ਮੋ. 98769-44703**


◆◆◆

# ਗੀਤਾਂ ਦੀ ਗੂੰਜ

## ਬਾਲ ਗੀਤ-ਡੈਡੀ ਜੀ ਛੱਡ ਦਿਓ ਸ਼ਰਾਬ

**ਪ੍ਰੋ. ਸਤਵਿੰਦਰ ਬੇਗੋਵਾਲੀਆ**



ਡੈਡੀ ਜੀ ਛੱਡ ਦਿਓ ਸ਼ਰਾਬ
ਕਰਦੀ ਹੈ ਇਹ ਬੜੀ ਖ਼ਰਾਬ।
ਇਹ ਗੱਲ ਕਹਿੰਦੀ ਮੇਰੀ ਕਿਤਾਬ
ਡੈਡੀ ਜੀ.........

ਜਦ ਮੈਂ ਵੇਖਾਂ ਨਾਲੀਆਂ ਦੇ ਵਿੱਚ,
ਡਿੱਗੇ ਢੱਠੇ ਬੇਹੋਸ਼ ਬੰਦੇ।
ਰਾਹੀ ਜਾਂਦੇ ਤਾੜ੍ਹੀ ਵਜਾਉਂਦੇ,
ਫੜ ਲਏ ਇਹਨਾਂ ਇਹ ਕੀ ਧੰਦੇ।
ਗਲੀਆਂ ਦੇ ਵਿਚ ਲੇਟੇ ਲੇਟੇ,

ਵੇਖਦੇ ਪਏ ਨੇ ਇਹ ਕੀ ਖ਼ਾਬ?
ਡੈਡੀ ਜੀ........

ਰਾਤ  ਦੇ ਬਾਰਾਂ ਵਜੇ ਤੱਕ ਵੀ,
ਮੰਮੀ ਬੈਠੀ ਘਰੇ ਉਡੀਕੇ।
ਡੈਡੀ ਅਜੇ ਵੀ ਮੁੜਿਆ ਨਹੀਂ,
ਜਿਵੇਂ ਕਚਹਿਰੀ ਗਿਆ ਤਰੀਕੇ।
ਡੰਡਾ ਫੜ੍ਹ ਫਿਰ ਤੀਵੀਂ ਕੁੱਟਣਾ,
ਇਹ ਦੱਸ ਕਿੱਥੇ ਲਿਖਿਆ ਜਨਾਬ?
ਡੈਡੀ ਜੀ ਛੱਡ ਦਿਓ ਸ਼ਰਾਬ....

ਮੱਕੀ ਵਾਲਾ ਖੇਤ ਜੋ ਸਾਡਾ,
ਸ਼ਾਹੂਕਾਰ ਦੀ ਲੈ ਗਈ ਹੱਟੀ।
ਮੰਮੀ ਦੇ ਸਭ ਗਹਿਣੇ ਵਿੱਕ ਗਏ,
ਮੇਰੀ ਵਿਕ ਗਈ ਬੂਰੀ ਕੱਟੀ।
ਘਰ ਤਾਂ ਸਾਰਾ ਖਾਲੀ ਹੋਇਆ,
ਸਾਫ਼ ਨਾ ਹੋਇਆ ਅਜੇ ਹਿਸਾਬ,
ਡੈਡੀ ਜੀ ਛੱਡ ਦਿਓ ਸ਼ਰਾਬ....          ਸੰਪਰਕ 98154-65620

◆◆◆

## ਗੀਤ -ਸਾਵਣ ਆਇਆ ਹੈ

**ਪ੍ਰਤਾਪ ਪਾਰਸ ਗੁਰਦਾਸਪੁਰੀ**

ਮੁੜ ਵਤਨਾਂ ਨੂੰ ਆ ਵੇ ਸਾਵਣ ਆਇਆ ਹੈ।
ਨਾ ਸਾਨੂੰ ਤੜਫਾ ਵੇ ਸਾਵਣ ਆਇਆ ਹੈ।
ਸਤਰੰਗੀ ਔਹ ਪੀਂਘ ਅੰਬਰ 'ਤੇ ਪੈ ਗਈ ਏ
ਤੈਨੂੰ ਰਹੀ ਬੁਲਾ ਵੇ ਸਾਵਣ ਆਇਆ ਹੈ।
ਹਾਣਦੀਆਂ ਸਭ ਖੁਸ਼ ਨੇ ਆਪਣੇ ਮਾਹੀ ਸੰਗ
ਉਮੜੇ ਸਾਡੇ ਚਾਅ ਵੇ ਸਾਵਣ ਆਇਆ ਹੈ।
ਸੁਰਖ਼ੀ ਪਾਊਡਰ, ਦਾਤਣ ਵੰਗਾਂ ਔਹ ਪਈਆਂ
ਤੱਕਦੀ ਤੇਰਾ ਰਾਹ ਵੇ ਸਾਵਣ ਆਇਆ ਹੈ।



ਬਾਗਾਂ ਦੇ ਵਿੱਚ ਕੋਇਲਾਂ ਕੂ ਕੂ ਬੋਲ ਰਹੀਆਂ,
ਮੋਰ ਰਹੇ ਪੈਲਾਂ ਪਾ ਵੇ ਸਾਵਣ ਆਇਆ ਹੈ।
ਖੀਰਾਂ, ਪੂੜੇ ਕੁਝ ਵੀ ਚੰਗਾ ਲੱਗਦਾ ਨਹੀਂ,
ਪੂਣੀ-ਰੰਗ ਗਵਾਹ ਵੇ ਸਾਵਣ ਆਇਆ ਹੈ।
'ਪਾਰਸ' ਉਡ ਕੇ ਆ ਜਾ ਕਿੱਧਰੋਂ ਖੁੰਡਿਆਂ ਨੂੰ,
ਗੀਤ ਵਸਲ ਦਾ ਗਾ  ਵੇ ਸਾਵਣ ਆਇਆ ਹੈ।        ਮੋਬ. 99888-11681

◆◆◆

## ਧਰਤੀ ਕੋਲੇ ਵੇਲਾਂ

**ਜਗਜੀਤ ਸਿੰਘ ਗੁਰਮ**

ਧਰਤੀ ਕੋਲੇ ਵੇਲਾਂ, ਬੂਟੇ, ਰੁੱਖਾਂ ਰੌਣਕ ਲਾਈ ਹੈ।
ਆਦਮ ਨੇ ਹੈ ਕਹਿਰ ਕਮਾਇਆ ਕੀਤੀ ਖੂਬ ਕਟਾਈ ਹੈ।

ਵੰਨ-ਸੁਵੰਨੇ ਰੁੱਖਾਂ ਉਤੇ ਪੰਛੀਆਂ ਨੇ ਘਰ ਪਾਏ ਨੇ।
ਨਿੱਕੇ-ਨਿੱਕੇ ਚਾਅ ਉਨ੍ਹਾਂ ਦੇ ਰੁੱਖਾਂ ਵਿਚ ਸਮਾਏ ਨੇ।
ਰੁੱਖਾਂ ਨੂੰ ਨਾ ਕੱਟਿਓ ਕੋਈ ਮੁੱਕ ਜਾਣੀ ਹਰਿਆਈ ਹੈ।
ਧਰਤੀ ਕੋਲੇ ਵੇਲਾਂ...................

ਵੇਲਾਂ, ਬੂਟੇ ਫੁੱਲਾਂ ਦੇ ਸੰਗ ਵੱਖਰੀ ਰੌਣਕ ਲਾਉਂਦੇ ਨੇ।
ਸਾਡੇ ਵਾਂਗੂੰ ਮਹਿਕੋ ਸਾਰੇ ਸਭ ਨੂੰ ਇਹ ਸਮਝਾਉਂਦੇ ਨੇ।
ਖਿੜ ਕੇ ਮਹਿਕਾਂ ਵੰਡ ਮੁਰਝਾਉਂਦੇ, ਆਦਮ ਸਮਝ ਨਾ ਆਈ ਹੈ।
ਧਰਤੀ ਕੋਲੇ ਵੇਲਾਂ........................

ਰੁੱਖਾਂ ਦੀ ਇਹ ਦੁਨੀਆਂ ਨਿਆਰੀ ਕਾਹਤੋਂ ਮਾਰ ਮੁਕਾਉਂਦੇ ਹੋ?
ਕੁਦਰਤ ਦੇ ਸੰਗ ਦੱਸੋ ਲੋਕੋ ਕਾਹਤੋਂ ਮੱਥਾ ਲਾਉਂਦੇ ਹੋ?
ਰੁੱਖੀ-ਰੁੱਖੀ ਧਰਤੀ ਕਰਕੇ ਖੱਟੀ ਕਿਉਂ ਬੁਰਿਆਈ ਹੈ?
ਧਰਤੀ ਕੋਲੇ ਵੇਲਾਂ..........................

ਰੁੱਖ ਮੁੱਕੇ ਤਾਂ ਧਰਤੀ ਮੁੱਕੂ ਤੂੰ ਦੱਸ ਕਿੱਥੇ ਜਾਏਂਗਾ।
ਪਾਣੀ ਲੱਭ ਲੱਭ ਥੱਕ ਜਾਣਾ ਤੈਂ ਕਿੱਥੋਂ ਪਿਆਸ ਬੁਝਾਏਂਗਾ।
ਛੱਡ ਦੇ ਲਾਲਚ 'ਗੁਰਮਾ' ਹੁਣ ਤਾਂ ਦਿੱਸੇ ਨਾ ਬੱਦਲ ਵਾਈ ਹੈ।

ਧਰਤੀ ਕੋਲੇ ਵੇਲਾਂ, ਬੂਟੇ, ਰੁੱਖਾਂ ਰੋਣਕ ਲਾਈ ਹੈ।
ਆਦਮ ਨੇ ਹੈ ਕਹਿਰ ਕਮਾਇਆ ਕੀਤੀ ਖੂਬ ਕਟਾਈ ਹੈ।

**ਮ. ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ, ਲੁਧਿਆਣਾ**
**ਮੋਬਾਇਲ ਨੰ: 99147-01668**

◆◆◆

## ਜ਼ਿੰਦਗੀ ਨੂੰ ਕਾਮੇ ਧੂਹ ਰਹੇ

**ਸੁਰਜੀਤ ਦੇਵਲ**

ਜ਼ਿੰਦਗੀ ਨੂੰ ਕਾਮੇ ਧੂਹ ਰਹੇ, ਦੁਨੀਆਂ ਤੇ ਆ ਕੇ।
ਹੱਕਾਂ ਨੂੰ ਤਰਸਦੇ ਜਾ ਰਹੇ, ਜੱਗੋਂ ਜੂਨ ਹੰਡਾ ਕੇ।

ਢਾਰੇ ਤੇ ਕੁੱਲੀਆਂ ਵਿੱਚ ਵੀ, ਇਨਸਾਨ ਵੱਸਦੇ।
ਝੱਲਣ ਦੁੱਖ ਮੁਸੀਬਤਾਂ, ਜ਼ਿੰਦ ਨਾਲ ਹੱਸਦੇ।
ਭਾਵੇਂ ਗ਼ਰੀਬੀ ਹੱਡੀਆਂ, ਰੱਖੇ ਖੜਕਾ ਕੇ
ਜ਼ਿੰਦਗੀ ਨੂੰ ਕਾਮੇ......

ਦੁਨੀਆਂ ਦੇ ਕਾਰਜ ਕਾਮਿਆਂ, ਹੱਥੋਂ ਨੇ ਰਿੜਦੇ।
ਕਾਮਿਆਂ ਦੇ ਸਿਰ 'ਤੇ, ਮਹਿਲਾਂ ਦੇ ਵਿੱਚ ਹਾਸੇ ਖਿੜਦੇ।
ਕਾਮਿਆਂ ਨੂੰ ਫੇਰ ਵੀ ਧਨੀ, ਲੋਕ ਰੱਖਣ ਦਬਕਾਕੇ
ਜ਼ਿੰਦਗੀ ਨੂੰ ਕਾਮੇ....

ਵੋਟਾਂ ਵੇਲੇ ਲੀਡਰਾਂ ਨੂੰ, ਯਾਦ ਕਾਮੇ ਆਉਂਦੇ।
ਵੋਟਾਂ ਮੁੱਲ ਖਰੀਦਣ ਲਈ, ਉਹ ਗੇੜੇ ਲਾਉਂਦੇ।
ਬਹਿ ਕੇ ਟੁੱਟੀ ਮੰਜੀ ਤੇ, ਜਾਣ ਟੁੱਕਰ ਖਾ ਕੇ
ਜ਼ਿੰਦਗੀ ਨੂੰ ਕਾਮੇ.......

ਜਾਗੋ ਮਜ਼ਦੂਰੋ, ਕਾਮਿਓਂ, ਚਮਕਾਓ ਤਕਦੀਰਾਂ।
ਨਸ਼ਿਆਂ ਨੋਟਾਂ ਬਦਲੇ ਨਾ, ਦਿਓ ਵੇਚ ਜ਼ਮੀਰਾਂ।
'ਦੇਵਲ' ਦੀ ਕੋਰੀ ਗੱਲ ਨੂੰ, ਨਾ ਬਹਿਜੋ ਭੁਲਾ ਕੇ
ਜ਼ਿੰਦਗੀ ਨੂੰ ਕਾਮੇ.....



# ਲੇਖ

## ਰੱਬ ਦਾ ਆਸ਼ਕ ਸਾਈਂ ਬੁੱਲ੍ਹੇ ਸ਼ਾਹ

**ਭੁਪਿੰਦਰ ਉਸਤਾਦ**

ਸਾਈਂ ਬੁੱਲ੍ਹੇ ਸ਼ਾਹ ਸੂਫੀ ਕਾਵਿ ਦਾ ਉਹ ਸ਼ਾਹ ਸਵਾਰ ਹੈ, ਜਿਸਨੇ ਸ਼ਰ੍ਹਾ ਦੇ ਸਾਰੇ ਬੰਧਨ ਤੋੜ ਕੇ ਇਸ਼ਕ ਹਕੀਕੀ ਅਤੇ ਬਿਰਹੋਂ ਦੇ ਦਰਦ ਨੂੰ ਬਹੁਤ ਹੀ ਕਲਾਤਮਕਤਾ ਭਰਪੂਰ ਖੂਬਸੂਰਤੀ ਨਾਲ ਆਪਣੀਆਂ ਕਾਫੀਆਂ ਵਿਚ ਸਜਾਇਆ ਹੈ ਅਤੇ ਸੂਫ਼ੀ ਕਾਵਿ ਨੂੰ ਸਿਖ਼ਰ ਉੱਤੇ ਪਹੁੰਚਾਇਆ ਹੈ।

ਪੰਜਾਬੀ ਕਾਵਿ ਖੇਤਰ ਵਿਚ ਸਾਈਂ ਬੁੱਲ੍ਹੇ ਸ਼ਾਹ ਨੂੰ "ਸੂਫ਼ੀਆਂ ਦਾ ਸਿਰਤਾਜ ਕਵੀ" ਕਹਿਕੇ ਸਨਮਾਨ ਦਿਤਾ ਜਾਂਦਾ ਹੈ। ਬੁੱਲ੍ਹੇ ਸ਼ਾਹ ਦੀ ਸ਼ਾਇਰੀ ਸਦਾ ਅਮਰ ਰਹੇਗੀ। ਕਿਉਂਕਿ ਬੁੱਲ੍ਹੇ ਸ਼ਾਹ ਦੀ ਹਰ ਰਚਨਾ ਲੋਕਾਂ ਦੇ ਦਿਲਾਂ ਵਿਚ ਵਸ ਚੁੱਕੀ ਹੈ। ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਗਾ- ਗਾ ਕੇ, ਗਾਇਕ ਆਸਮਾਨ ਦੀ ਬੁਲੰਦੀ 'ਤੇ ਪਹੁੰਚ ਗਏ ਹਨ। ਖ਼ੂਬ ਪੈਸਾ ਕਮਾਇਆ ਹੈ?

ਇਸ ਗੱਲ ਦੀ ਹਾਮੀ ਤਾਂ ਡਾ. ਕਿਰਪਾਲ ਸਿੰਘ ਕਸੇਲ ਹੁਰੀ ਵੀ ਆਪਣੀ ਲਿਖਤ ਵਿਚ ਬਿਆਨ ਕਰਦੇ ਹਨ ਕਿ ਬੁੱਲ੍ਹੇ ਦੀਆਂ ਕਾਫ਼ੀਆਂ ਨੇ ਬਹੁਤ ਪ੍ਰਸਿੱਧੀ ਹਾਸਲ ਕੀਤੀ। ਭਾਵੇਂ ਬੁੱਲ੍ਹੇ ਸ਼ਾਹ ਦੇ ਸਮੇਂ ਦੇ ਹਾਲਾਤ ਉਸਦੇ ਇਸ਼ਟ ਮੱਤ ਦੇ ਅਨੁਸਾਰੀ ਨਹੀਂ ਸਨ। ਫਿਰ ਵੀ ਮੰਨਣਾ ਪੈਂਦਾ ਹੈ ਕਿ ਉਹ ਆਪਣੀ ਸ਼ਖਸ਼ੀਅਤ ਦੀ ਉੱਚਤਾ ਅਤੇ ਪ੍ਰਤਿਭਾ ਕਾਰਣ ਸੂਫ਼ੀ ਕਾਵਿ ਧਾਰਾ ਵਿਚ ਉਚੇਚੇ ਪੱਧਰ ਦੀ ਅਨੁਭਵੀ ਤੇ ਮਾਰਫਤ ਦੇ ਰੰਗ ਵਿਚ ਰੰਗੀ ਹੋਈ ਰਚਨਾ ਕਰਨ ਵਿਚ ਸਫਲ ਹੋਇਆ।"

ਜਦੋਂ ਬੁੱਲ੍ਹੇ ਸ਼ਾਹ ਦਾ ਜਨਮ ਹੋਇਆ ਉਦੋਂ ਭਾਰਤ ਵਿਚ ਅਰਾਜਕਤਾ ਦਾ ਬੋਲ ਬਾਲਾ ਸੀ। ਦਿੱਲੀ ਦੇ ਤਖ਼ਤ ਉਤੇ ਮੁਗਲਈ ਔਰੰਗਜੇਬ ਬੈਠਾ ਹੋਇਆ ਸੀ। ਕਿਉਂਕਿ ਧਾਰਮਿਕ ਕੱਟੜਤਾ ਦਾ ਉਸ ਨੂੰ ਜਨੂੰਨ ਚੜ੍ਹਿਆ ਹੋਇਆ ਸੀ। ਗੈਰ ਮੁਸਲਿਮ ਉਸ ਦੀਆਂ ਅੱਖਾਂ ਵਿਚ ਰੜਕਦੇ ਸਨ। ਇਸ ਕਰਕੇ ਹੀ ਅਰਾਜਕਤਾ ਫੈਲੀ ਹੋਈ ਸੀ।

ਬੁੱਲ੍ਹੇ ਸ਼ਾਹ ਦਾ ਜਨਮ ਲਾਹੌਰ ਦੇ ਕਸੂਰ ਸ਼ਹਿਰ ਦੇ ਲਾਗਲੇ ਪਿੰਡ ਪੰਡੋਕੀ ਦੇ ਸੱਯਦ ਪਰਿਵਾਰ ਦੇ ਸਖੀ ਮੁਹੰਮਦ ਦਰਵੇਸ਼ ਮੌਲਵੀ ਦੇ ਘਰ 1680 ਨੂੰ ਹੋਇਆ। ਮੌਲਾ ਬਖ਼ਸ਼ ਕੁਸ਼ਤਾ ਆਪਣੀ ਪੁਸਤਕ 'ਪੰਜਾਬ ਦੇ ਹੀਰੇ' ਵਿਚ ਲਿਖਦੇ ਹਨ ਕਿ ਸਖੀ ਮੁਹੰਮਦ ਦਰਵੇਸ਼ ਉਚ ਗਿਲਾਨੀਆਂ ਬਹਾਵਲਪੁਰ ਦੇ ਰਹਿਣ ਵਾਲੇ ਸਨ। ਬੁੱਲ੍ਹਾ ਅਜੇ ਛੇ ਕੁ ਮਹੀਨੇ ਦਾ ਸੀ

ਜਦੋਂ ਉਨ੍ਹਾਂ ਦਾ ਪਰਿਵਾਰ ਮਲਕਵਾਲ ਆ ਵਸਿਆ। ਪਰ ਕੁਝ ਸਮੇਂ ਬਾਅਦ ਹੀ ਉਹ ਮੁੜ ਪੰਡੋਕੀ ਆ ਗਏ।"

ਬੁੱਲ੍ਹੇ ਦੇ ਜਨਮ ਬਾਰੇ ਵੀ ਲੇਖਕਾਂ ਦੇ ਵਿਚਾਰ ਵੱਖਰੇ-ਵੱਖਰੇ ਹਨ। ਡਾ. ਕਿਰਪਾਲ ਸਿੰਘ ਕਸੇਲ ਬੁੱਲੇ ਦਾ ਸਮਾਂ 1680 ਈ. (1103 ਹਿਜਰੀ) ਤੋਂ 1758 ਈ (1181 ਹਿਜਰੀ) ਮੰਨਦੇ ਹਨ। ਪਰ ਮੌਲਾ ਬਖਸ਼ ਕੁਸ਼ਤਾ ਜੀ ਜਨਮ 1680 ਈ. ਅਤੇ ਦਿਹਾਂਤ 1716 ਈ. ਮੰਨਦੇ ਹਨ।

ਬੁੱਲ੍ਹੇ ਸ਼ਾਹ ਨੂੰ ਮੁੱਢਲੀ ਵਿੱਦਿਆ ਆਪਣੇ ਪਿਤਾ ਕੋਲੋਂ ਹੀ ਪ੍ਰਾਪਤ ਹੋਈ। ਕਿਉਂਕਿ ਬੁੱਲ੍ਹੇ ਦੇ ਪਿਤਾ ਸਖੀ ਮੁਹੰਮਦ ਪਿੰਡ ਵਿਚ ਮਦਰੱਸਾ ਚਲਾਉਂਦੇ ਸਨ। ਅਗਲੀ ਵਿੱਦਿਆ ਹਾਸਲ ਕਰਨ ਲਈ ਬੁੱਲ੍ਹੇ ਸ਼ਾਹ ਨੂੰ ਕਸੂਰ ਜਾਣਾ ਪਿਆ। ਕਸੂਰ ਉਦੋਂ ਵਿਦਵਾਨਾ ਅਤੇ ਆਲਮਾਂ-ਫਾਜ਼ਲਾਂ ਦਾ ਗੜ੍ਹ ਬਣਿਆ ਹੋਇਆ ਸੀ। ਏਥੇ ਆਕੇ ਬੁੱਲ੍ਹੇ ਸ਼ਾਹ ਨੇ ਗੁਲਾਮ ਮੁਰਤਜਾ ਕੋਲੋਂ ਵਿੱਦਿਆ ਹਾਸਲ ਕੀਤੀ। ਬੁੱਲ੍ਹੇ ਦਾ ਬਚਪਨ ਵਿਚ ਨਾਮ ਅਬਦੁੱਲਾ ਸੀ। ਉਸ ਦੀਆਂ ਮੁੱਢਲੀਆਂ ਕਾਫੀਆਂ ਵਿਚ ਇਹ ਨਾਮ ਲਿਖਿਆ ਮਿਲਦਾ ਹੈ।

"ਹੁਣ ਇਲ ਅੱਲਾਹ ਆਖਕੇ ਤੁਮ ਕਰੇ ਦੁਆਈ,
ਪੀਆ ਹੀ ਸਭ ਹੋ ਗਿਆ ਅਬਦੁੱਲਾ ਨਾਹੀਂ।"

ਸੱਯਦ ਪੱਦ ਦੇ ਲੋਕਾਂ ਦਾ ਆਮ ਲੋਕ ਬਹੁਤ ਸਨਮਾਨ ਕਰਦੇ ਸਨ। ਇਨ੍ਹਾਂ ਨੂੰ ਪੀਰ, ਸ਼ਾਹ ਜਾਂ ਸਰੀਫ਼ ਕਹਿਕੇ ਬੁਲਾਉਂਦੇ ਸਨ। ਕਿਉਂਕਿ ਇਹ ਪੱਦ ਇੱਜ਼ਤਵਾਲਾ ਅਤੇ ਵਿਦਵਾਨ ਲੋਕਾਂ ਲਈ ਵਰਤਿਆ ਜਾਂਦਾ ਸੀ। ਸੱਯਦਾ ਨੂੰ ਹੀ ਇਹ ਹੱਕ ਸੀ ਕਿ ਉਹ ਰਾਜੇ ਵੱਲ ਪਿੱਠ ਕਰਕੇ ਬੈਠ ਸਕਣ। ਆਮ ਆਦਮੀ ਰਾਜੇ ਵਲ ਪਿੱਠ ਕਰਕੇ ਨਹੀਂ ਸੀ ਬੈਠ ਸਕਦਾ। ਏਸੇ ਕਰਕੇ ਬਾਦਸ਼ਾਹ ਦੇ ਹਾਥੀ ਦਾ ਮਹਾਬਤ ਸੱਯਦਾਂ ਦੀ ਕੁੱਲ ਵਿਚੋਂ ਹੀ ਹੁੰਦਾ ਸੀ। ਔਰੰਗਜੇਬ ਨੇ ਆਪਣੇ ਭਰਾਵਾਂ ਨੂੰ ਮਾਰਕੇ ਤਖ਼ਤ ਹਾਸਲ ਕੀਤਾ ਸੀ, ਤੇ ਫਿਰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਾ ਕੇ ਮੁਲਕ ਵਿਚ ਜੋ ਬਦਅਮਨੀ ਪੈਦਾ ਕੀਤੀ ਸੀ, ਬੁੱਲ੍ਹੇ ਸ਼ਾਹ ਨੇ ਆਪਣੀਆਂ ਰਚਨਾਵਾਂ ਨਾਲ ਪਿਆਰ ਮੁਹੱਬਤ ਅਤੇ ਆਜ਼ਾਦੀ ਦੀਆਂ ਤਰੰਗਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਬੁਰਸ਼ਾ-ਗਰਦੀ ਵਾਲੇ ਮਾਹੌਲ ਤੋਂ ਬੁੱਲ੍ਹੇ ਸ਼ਾਹ ਦਾ ਹਿਰਦਾ ਜ਼ਖਮੀ ਹੋਇਆ ਪਿਆ ਸੀ, ਤਦੇ ਤਾਂ ਉਸ ਦੇ ਦਿਲ ਵਿਚੋਂ ਇਹ ਹੂਕ ਨਿਕਲੀ "ਦਰ ਖੁੱਲਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋ ਗਿਆ ਪੰਜਾਬ ਦਾ"। ਇਸ ਦੇ ਨਾਲ ਹੀ ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਪ੍ਰਭਾਵਤ ਸੀ। ਇਕ ਥਾਂ ਉਸ ਨੇ ਲਿਖਿਆ ਹੈ।

"ਨਾ ਕਹੂੰ ਕਬ ਕੀ, ਨਾ ਕਹੂੰ ਤਬ ਕੀ,
ਬਾਤ ਕਰੂੰ ਮੈਂ ਅਬ ਕੀ।



ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁੰਨਤ ਹੋਤੀ ਸਬ ਕੀ।

ਬੁੱਲ੍ਹੇ ਸ਼ਾਹ ਬਚਪਨ ਤੋਂ ਹੀ ਰੱਬੀ ਸ਼ਕਤੀਆਂ ਨਾਲ ਮਾਲਮਾਲ ਸੀ। ਇਸ ਗੱਲ ਦਾ ਉਦੋਂ ਪਤਾ ਲਗਾ ਜਦੋਂ ਉਹ ਬਾਹਰ ਖੇਤਾਂ ਵਿਚ ਪਸ਼ੂ ਚਾਰਨ ਲੈ ਗਏ। ਇਕ ਬੋਲੀ ਚਰਾਂਦ ਵਿਚ ਵੱਗ ਚਰਨ ਲਈ ਛੱਡ ਦਿਤਾ ਤੇ ਆਪ ਇਕ ਦਰੱਖਤ ਹੇਠ ਸੌਂ ਗਏ। ਪਸ਼ੂ ਚਰਦੇ ਚਰਦੇ ਕਿਸੇ ਦੇ ਖੇਤ ਵਿਚ ਜਾ ਵੜੇ। ਮਾਲਕ ਨੇ ਜਦੋਂ ਆਪਣਾ ਖੇਤ ਖ਼ਰਾਬ ਹੋਇਆ ਦੇਖਿਆ ਤਾਂ ਉਹ ਗੁੱਸੇ 'ਚ ਭਰਿਆ ਉਲਾਂਭਾ ਲੈ ਕੇ ਸਖੀ ਮੁਹੱਮਦ ਦਰਵੇਸ਼ ਕੋਲ ਚਲੇ ਗਿਆ।

'ਤੇਰਾ ਪੁੱਤ ਬੁੱਲ੍ਹਾ ਪਤਾ ਨਹੀਂ ਆਪ ਕਿਥੇ ਮਰ ਗਿਆ। ਮੇਰਾ ਸਾਰਾ ਖੇਤ ਤੁਹਾਡੇ ਵੱਗ ਨੇ ਉਜਾੜ ਦਿੱਤਾ। ਸਖੀ ਮੁਹੰਮਦ ਦਰਵੇਸ਼ ਖੇਤ ਮਾਲਕ ਦੇ ਨਾਲ ਖੇਤ ਦੇਖਣ ਆਇਆ। ਰਸਤੇ ਵਿਚ ਜਾਂਦਿਆਂ ਉਨ੍ਹਾਂ ਬੁੱਲ੍ਹੇ ਸ਼ਾਹ ਨੂੰ ਇਕ ਦਰੱਖਤ ਹੇਠ ਸੁੱਤਾ ਪਿਆ ਦੇਖਿਆ। ਸਾਰੇ ਉਸ ਕੋਲ ਚਲੇ ਗਏ। ਪਿਤਾ ਨੇ ਉਸ ਨੂੰ ਕਿਹਾ, "ਤੂੰ ਏਥੇ ਸੁੱਤਾ ਪਿਆ, ਪਸ਼ੂਆਂ ਨੇ ਇਨਾਂ ਦਾ ਖੇਤ ਚਰ ਲਿਆ। "ਪਿਤਾ ਦੀ ਗਲ ਸੁਣ, ਬੁੱਲ੍ਹੇ ਨੇ ਪਿਤਾ ਵੱਲ ਤੇ ਖੇਤ ਦੇ ਮਾਲਕ ਵੱਲ ਦੇਖਿਆ। ਫਿਰ ਹੌਲੀ ਜਿਹੇ ਬੋਲਿਆ " ਖੇਤ ਨੂੰ ਕੀ ਹੋਇਆ ! ਚੰਗਾ ਭਲਾ ਏ।"

'ਜ਼ਰਾ ਉਥੇ ਜਾ ਕੇ ਦੇਖ, ਕਿਹੋ ਜਿਹਾ ਚੰਗਾ ਭਲਾ।'

ਮਾਲਕ ਲਾਲੋ ਲਾਲ ਹੋਇਆ ਬੋਲਿਆ।

"ਚਲੋ ਤਾਂ ਦੇਖ ਲੈਂਦੇ ਹਾਂ। ਕਹਿੰਦਾ ਹੋਇਆ ਬੁੱਲ੍ਹਾ ਉਠਿਆ ਤੇ ਖੇਤ ਵੱਲ ਨੂੰ ਸਾਰੇ ਹੋ ਤੁਰੇ। ਸਾਰੇ ਖੇਤ ਹਰੇ ਭਰੇ ਸਨ। ਕੋਈ ਖੇਤ ਉਜੜਿਆ ਹੋਇਆ ਨਹੀਂ ਸੀ। ਨਾਲ ਗਏ ਸਾਰੇ ਜਣੇ ਮਾਲਕ ਨੂੰ ਸ਼ਰਮਿੰਦਾ ਕਰ ਰਹੇ ਸਨ। 'ਸੱਚ ਜਾਣੋ ! ਇਹ ਤਾ ਕਰਾਮਾਤ ਹੋ ਗਈ। ਮੈਂ ਹੁਣੇ ਆਪਣੀਆਂ ਅੱਖਾਂ ਨਾਲ ਆਹ ਖੇਤ ਉਜੜਿਆ ਦੇਖ ਕੇ ਗਿਆ ਸਾਂ। ਨਹੀਂ ਤਾਂ ਮੈਂ ਉਲਾਂਭਾ ਕਿਉਂ ਦਿੰਦਾ। ਸੱਚ ਜਾਣੋ ਇਹ ਸ਼ੋਰ੍ਹ (ਮੁੰਡਾ) ਤਾਂ ਕਰਾਮਾਤੀ ਹੈ। 'ਮਾਲਕ ਖੁਸ਼ੀ ਵਿਚ ਝੂਮ ਰਿਹਾ ਸੀ। ਫਿਰ ਉਸ ਨੇ ਉਹ ਸਾਰਾ ਖੇਤ ਬੁੱਲ੍ਹੇ ਦੇ ਨਾਮ ਕਰ ਦਿਤਾ। ਜਿਥੇ ਬਾਅਦ ਵਿਚ ਬੁੱਲ੍ਹੇ ਦੇ ਨਾਮ ਉਤੇ ਮੇਲਾ ਲੱਗਣ ਲਗਾ। ਇਸ ਘਟਨਾ ਤੋਂ ਬਾਅਦ ਬੁੱਲ੍ਹਾ ਵਿੱਦਿਆ ਹਾਸਲ ਕਰਨ ਲਈ ਕਸੂਰ ਗੁਲਾਮ ਮੁਰਤਜਾ ਕੋਲ ਚਲੇ ਗਿਆ ਅਤੇ ਮਨ ਲਾ ਕੇ ਅੱਲਾ ਨੂੰ ਮਿਲਣ ਦਾ ਰਾਹ ਲੱਭਣ ਲੱਗਾ।

ਮੌਲਾ ਬਖਸ਼ ਕੁਸਤਾ ਅਨੁਸਾਰ ਬੁੱਲ੍ਹੇ ਸ਼ਾਹ ਕਸੂਰ ਤੋਂ ਘੁੰਮਦਾ-ਘੁੰਮਦਾ ਬਟਾਲੇ ਪਹੁੰਚ ਗਏ। ਉਥੇ ਉਨ੍ਹਾਂ ਇਹ ਕਿਹਾ ਕਿ "ਮੈਂ ਅੱਲਾ ਹਾਂ।" ਲੋਕ ਸੁਣਕੇ ਹੈਰਾਨ ਹੋਏ ਸੋਚਣ ਲੱਗੇ ਕਿ ਇਹ ਕੋਈ ਸਿਰ ਫਿਰਿਆ ਲਗਦਾ। ਉਹ ਲੋਕ ਬੁੱਲ੍ਹੇ ਸ਼ਾਹ ਨੂੰ ਫੜ ਕੇ ਦਰਬਾਰ ਫਾਜ਼ਲ ਦੇ ਸ਼ੇਖ ਫਾਜ਼ਲ-ਉਦ-ਦੀਨ ਕੋਲ ਲੈ ਗਏ। ਸ਼ੇਖ ਸਾਹਿਬ ਨੇ ਬੁੱਲ੍ਹੇ ਵੱਲ ਦੇਖਿਆ ਤੇ ਕਿਹਾ, "ਇਹ

ਸੱਚ ਕਹਿੰਦਾ ਹੈ, ਇਹ ਅੱਲਾ ਹੈ। ਜਾਣਿ ਕੇ ਅਜੇ ਕੱਚਾ ਹੈ। ਇਸ ਨੂੰ ਸ਼ਾਹ ਇਨਾਇਤ ਕੋਲ ਭੇਜ ਦਿਉ ਤਾਂ ਕਿ ਉਨ੍ਹਾਂ ਦੀ ਰਹਿਮਤ ਨਾਲ ਇਹ ਪੱਕ ਜਾਵੇ।

ਸ਼ੇਖ ਜੀ ਦੇ ਸਮਝਾਉਣ ਪਿਛੋਂ ਬੁੱਲ੍ਹੇ ਸ਼ਾਹ ਲਾਹੌਰ ਨੂੰ ਤੁਰ ਪਏ। ਦੱਸ ਪੁੱਛ ਕਰਦਿਆਂ ਪਤਾ ਲੱਗਾ ਕਿ ਸ਼ਾਹ ਇਨਾਇਤ ਕਾਦਰੀ ਜੀ ਸ਼ਾਲਾਮਾਰ ਬਾਗ਼ ਵਿਚ ਮਾਲੀ ਦਾ ਕੰਮ ਕਰ ਰਹੇ ਹਨ। ਬੁੱਲੇ ਸ਼ਾਹ ਸ਼ਾਲਾਮਾਰ ਬਾਗ਼ ਜਾ ਪਹੁੰਚੇ। ਜਿਥੇ ਉਨ੍ਹਾਂ ਦਾ ਮਿਲਾਪ ਕਾਦਰੀ ਜੀ ਨਾਲ ਬੜੇ ਨਾਟਕੀ ਢੰਗ ਨਾਲ ਹੋਇਆ। ਉਹ ਸੂਫ਼ੀ ਫਿਰਕੇ ਦੇ ਕਰਨੀ ਵਾਲੇ ਪੀਰ ਸਨ। ਉਹ ਕਸੂਰ ਦੇ ਜੰਮਪਲ ਅਤੇ ਅਰਾਂਈ ਜਾਤ ਵਿਚੋਂ ਸਨ। ਅਰਾਂਈਆਂ ਨੂੰ ਨੀਵੀਂ ਜਾਤ ਦੇ ਗਿਣਿਆ ਜਾਂਦਾ ਸੀ। ਬੁੱਲ੍ਹੇ ਸ਼ਾਹ ਨਾਲ ਜਿਸ ਤਰ੍ਹਾਂ ਮੇਲ ਹੋਇਆ, ਇਹ ਗੱਲ ਸੀਨਾ ਬਸੀਨਾ ਤੁਰੀ ਆ ਰਹੀ ਸੀ। ਕਹਿੰਦੇ ਹਨ ਕਿ ਬੁੱਲ੍ਹੇ ਸ਼ਾਹ ਜਦੋਂ ਕਾਦਰੀ ਹੁਰਾਂ ਕੋਲ ਪਹੁੰਚੇ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਸ਼ਾਹ ਉਨ੍ਹਾਂ ਕੋਲ ਜਾ ਖੜੇ ਹੋਏ। "ਆ ਬਈ ਜੁਆਨਾਂ ਕਿਵੇਂ ਆਇਆ? " ਕਾਦਰੀ ਜੀ ਨੇ ਬੁੱਲੇ ਵੱਲ ਦੇਖਦਿਆਂ ਪੁੱਛਿਆ। ਤਾਂ ਬੁੱਲ੍ਹੇ ਸ਼ਾਹ ਨੇ ਨੇੜੇ ਹੁੰਦਿਆਂ ਹੌਲੀ ਜਿਹੇ ਕਿਹਾ, "ਜੀ ਮੈਂ ਰੱਬ ਨੂੰ ਮਿਲਣ ਦਾ ਰਾਹ ਪੁੱਛਣ ਆਇਆ ਹਾਂ ਕਿ ਰੱਬ ਨੂੰ ਕਿਵੇਂ ਮਿਲਿਆ ਜਾ ਸਕਦੈ।" ਤਾਂ ਸ਼ਾਹ ਹੁਰਾਂ ਪਨੀਰੀ ਦਾ ਇਕ ਬੂਟਾ ਇਕ ਥਾਂ ਤੋਂ ਪੁੱਟ ਕੇ ਦੂਜੇ ਥਾਂ ਦੱਬ ਦਿਤਾ ਤੇ ਬਚਨ ਕੀਤਾ, "ਬੁੱਲ੍ਹਿਆ ਰੱਬ ਦਾ ਕੀ ਪਾਉਣਾ ਏਧਰੋਂ ਪੁੱਟਣਾ ਤੇ ਏਧਰ ਲਾਉਣਾ।" ਇਕ ਦਮ ਬੁੱਲ੍ਹੇ ਦੇ ਦਿਲ-ਦਿਮਾਗ ਦੇ ਬੂਹੇ ਖੁੱਲ੍ਹ ਗਏ। ਉਸ ਨੂੰ ਸਮਝ ਪੈ ਗਈ ਕਿ ਮਨ ਰੂਪੀ ਬੂਟਾ ਦੁਨਿਆਵੀ ਮੋਹ ਵਿਚੋਂ ਕੱਢਕੇ, ਰੱਬ ਦੇ ਮੋਹ ਵਿਚ ਡਬੋਣਾ ਹੈ। ਇਹ ਗਲ ਸਮਝਦਿਆਂ ਹੀ ਉਹ ਕਾਦਰੀ ਜੀ ਦੇ ਚਰਨੀਂ ਡਿੱਗ ਪਿਆ। ਉਸ ਦਿਨ ਤੋਂ ਬਾਅਦ ਬੁੱਲ੍ਹੇ ਦਾ ਜੀਵਨ ਹੀ ਬਦਲ ਗਿਆ। ਉਸ ਨੇ ਸਾਰੀਆਂ ਸ਼ਰ੍ਹਾ ਤੇ ਪਾਵੰਦੀਆਂ ਛੱਡ ਦਿਤੀਆਂ। ਉਹ ਕੂਕ ਉਠਿਆ:-

"ਫੂਕ ਮੁਸੱਲਾ ਭੰਨ ਸਿੱਟ ਲੋਟਾ, ਨਾ ਫੜ ਤਸਬੀ ਨਾ ਫੜ ਸੋਟਾ।" ਇਸ ਦੇ ਨਾਲ ਹੀ ਉਹ ਧਾਰਮਿਕ ਆਗੂਆਂ ਨੂੰ ਵੀ ਭੰਡਣ ਲਗਾ। "ਧਰਮ ਸਾਲ ਧੜਵਾਈ ਵੱਸਦੇ, ਠਾਕੁਰ ਦੁਆਰੇ ਠੱਗ।"

ਜਦੋਂ ਬੁੱਲ੍ਹੇ ਦੇ ਪਰਿਵਾਰ ਨੂੰ ਪਤਾ ਲਗਾ ਕਿ ਬੁੱਲ੍ਹੇ ਨੇ ਇਕ ਅਰਾਂਈ ਨੂੰ ਆਪਣਾ ਮੁਰਸ਼ਦ ਬਣਾ ਲਿਆ ਹੈ ਤਾਂ ਉਹ ਬਹੁਤ ਔਖੇ ਹੋਏ। ਇਸ ਵਿਚ ਆਪਣੀ ਹੇਠੀ ਸਮਝਣ ਲੱਗੇ। ਉਨ੍ਹਾਂ ਦੀ ਸੋਚ ਸੀ ਕਿ ਅਸੀਂ ਸੱਯਦ ਹਾਂ, ਉੱਚੀ ਕੁੱਲ ਦੇ ਹਾਂ। ਅਰਾਂਈ ਨੀਵੀ ਜਾਤ ਹੈ, ਜਿਸ ਨੂੰ ਬੁੱਲੇ ਨੇ ਆਪਣਾ ਗੁਰੂ ਬਣਾ ਲਿਆ ਹੈ। ਸੱਯਦਾਂ ਦਾ ਸਿਰ ਨੀਵਾਂ ਕਰ ਦਿਤਾ ਹੈ।

ਬੁੱਲ੍ਹੇ ਨੂੰ ਸਮਝਾਵਣ ਆਈਆਂ, ਭੈਣਾਂ ਤੇ ਭਰਜਾਈਆਂ,
ਤੂੰ ਕਿਉਂ ਖੋਲ੍ਹਿਆ ਸੱਯਦ ਹੋ ਕੇ, ਕੁਲ ਨੂੰ ਲੀਕਾਂ ਲਾਈਆਂ।



ਮਨ ਲੈ ਬੁੱਲ੍ਹਿਆ ਸਾਡਾ ਕਹਿਣਾ, ਛੱਡ ਦੇ ਪੱਲਾ ਰਾਈਆਂ।

ਪਰ ਬੁੱਲ੍ਹਾ ਤਾਂ ਹੁਣ ਉਸ ਅਵਸਥਾ ਵਿਚ ਪਹੁੰਚ ਚੁੱਕਾ ਸੀ, ਜਿੱਥੇ ਅਜੇਹੀਆਂ ਗੱਲਾਂ ਕੋਈ ਮਾਇਨੇ ਨਹੀਂ ਸਨ ਰਖਦੀਆਂ। ਉਸ ਨੇ ਕਿਸੇ ਗੱਲ ਦੀ ਚਿੰਤਾ ਨਹੀਂ ਕੀਤੀ ਤੇ ਕੋਈ ਨਿਮੋਸ਼ੀ ਵੀ ਨਹੀਂ ਮੰਨੀ। ਉਹ ਆਪਣੀ ਲਗਨ ਵਿਚ ਲੱਗਾ ਰਿਹਾ। ਉਸ ਨੂੰ ਨਾ ਆਪਣੇ ਸੱਯਦ ਹੋਣ ਦਾ ਮਾਣ ਸੀ ਤੇ ਨਾ ਅਰਾਂਈ ਦਾ ਸ਼ਾਗਿਰਦ ਹੋਣ ਦੀ ਹੀਣਤਾ। ਉਹ ਤਾਂ ਸਗੋਂ ਸ਼ਾਹ ਇਨਾਇਤ ਜੀ ਦਾ ਸ਼ਾਗਿਰਦ ਹੋਣ ਨਾਲ ਮਾਣ ਮਹਿਸੂਸ ਕਰ ਰਿਹਾ ਸੀ।

"ਜਿਹੜਾ ਸਾਨੂੰ ਸੱਯਦ ਆਖੇ, ਦੋਜ਼ਖ ਮਿਲਣ ਸਜ਼ਾਈਆਂ,
ਜਿਹੜਾ ਸਾਨੂੰ ਰਾਈਂ ਆਖੇ, ਬਹਿਸ਼ਤੀ ਪੀਂਘਾਂ ਪਾਈਆਂ।

ਇਸ ਤਰ੍ਹਾਂ ਦੀ ਬਾਗੀ ਸੁਰ ਦਾ ਅੰਦਾਜ਼ ਦੇਖ ਕੇ ਲੋਕ ਉਸ ਦੇ ਵਿਰੁੱਧ ਹੋ ਗਏ। ਕਿਉਂ ਕਿ ਉਸ ਵੇਲੇ ਦੇ ਰਾਜਸੀ ਹਾਲਤ ਵੀ ਪੀਰਾਂ ਫ਼ਕੀਰਾਂ ਦੇ ਹੱਕ ਵਿਚ ਨਹੀਂ ਸਨ। ਇਨਾਇਤ ਹੁਰਾਂ ਵੀ ਬੁੱਲ੍ਹੇ ਨੂੰ ਅਜੇਹੀਆਂ ਗੱਲਾਂ ਕਹਿਣ ਤੋਂ ਮਨ੍ਹਾਂ ਕੀਤਾ। ਪਰ ਬੁੱਲ੍ਹਾ ਆਪਣੀ ਮਸਤੀ ਵਿਚ ਜੋ ਮੂੰਹ ਆਇਆ ਕਹਿੰਦਾ ਰਿਹਾ। ਬੁੱਲ੍ਹੇ ਦੀਆਂ ਆਪ ਹੁਦਰੀਆਂ ਦੇਖ ਕੇ ਸ਼ਾਹ ਹੁਰਾਂ ਨੇ ਉਸਨੂੰ ਆਪਣੇ ਡੇਰੇ ਵਿਚ ਕੱਢ ਦਿਤਾ। ਬੁੱਲ੍ਹਾ ਬਹੁਤ ਦੁਖੀ ਹੋ ਗਿਆ। ਉਸ ਨੂੰ ਆਪਣੇ ਪੀਰ ਦਾ ਵਿਛੋੜਾ ਅਸਹਿ ਹੋ ਗਿਆ। ਉਸ ਦੀ ਆਤਮਾ ਕੁਰਲਾ ਉਠੀ,

"ਬਹੁੜੀ ਵੇ ਤਬੀਬਾ ਮੈਂਡੀ ਜਿੰਦ ਗਈ ਆ, ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ। ਜਦੋਂ ਹਾਲਤ ਇਹ ਹੋ ਗਈ ਤਾਂ ਜਿੱਥੋਂ ਦੀ ਇਨਾਇਤ ਸ਼ਾਹ ਲੰਘਦੇ ਸਨ ਬੁੱਲ੍ਹਾ ਉਸ ਰਸਤੇ ਉਤੇ ਜਨਾਨੇ ਵੇਸ ਵਿਚ ਆ ਕੇ ਘੁੰਗਰੂ ਬੰਨ੍ਹਕੇ ਨੱਚਣ ਤੇ ਗਾਉਣ ਲਗਾ। ਇਕ ਦਿਨ ਸ਼ਾਹ ਹੁਰਾਂ ਪਛਾਣ ਲਿਆ। "ਤੂੰ ਬੁੱਲ੍ਹਾ ਏਂ?" ਸ਼ਾਹ ਜੀ ਨੇ ਪੁੱਛਿਆ।

"ਨਹੀਂ ਜੀ ਮੈਂ ਭੁੱਲਾ ਹਾਂ, ਮੈਨੂੰ ਮਾਫ ਕਰੋ।" ਇਹ ਕਹਿੰਦਿਆਂ ਹੀ ਬੁੱਲ੍ਹਾ ਗੁਰੂ ਦੇ ਚਰਨੀ ਡਿੱਗ ਪਿਆ ਤੇ ਮਾਫੀ ਮੰਗੀ। ਪੀਰ ਜੀ ਨੇ ਫੜਕੇ ਛਾਤੀ ਨਾਲ ਲਾ ਲਿਆ। ਫਿਰ ਬੁੱਲ੍ਹੇ ਨੂੰ ਆਪਣੇ ਨਾਲ ਲੈ ਗਏ।

ਬੁੱਲ੍ਹੇ ਦੇ ਦਿਲ ਵਿਚ ਅੱਲਾ ਦੇ ਇਸ਼ਕ ਦੀ ਅੱਗ ਭੜਕਣ ਲਗ ਪਈ। ਉਸ ਨੂੰ ਹਰ ਪਾਸੇ ਅੱਲਾ ਹੀ ਅੱਲਾ ਨਜ਼ਰ ਆਉਣ ਲਗਾ। "ਅਲਫ ਅੱਲਾ ਨਾਲ ਰੱਤਾ ਦਿਲ ਮੇਰਾ, ਮੈਨੂੰ ਬੇ ਦੀ ਸਮਝ ਨਾ ਕਾਈ।"

ਬੇਸ਼ਕ ਬੁੱਲ੍ਹੇ ਸ਼ਾਹ ਨੇ 3 ਸ਼ੀਹਰਫੀਆਂ 49 ਦੋਹੜੇ 40 ਗੰਢਾਂ ਅਤੇ ਹੋਰ ਕਾਫ਼ੀ ਕੁਝ ਲਿਖਿਆ ਹੈ ਪਰ ਸਭ ਤੋਂ ਵੱਧ ਉਸ ਦੀਆਂ ਬੇਸ਼ਕੀਮਤੀ ਕਾਫੀਆ ਮਕਬੂਲ ਹੋਈਆਂ ਹਨ। ਜਿਨ੍ਹਾਂ ਦੀ ਗਿਣਤੀ 156 ਹੈ। ਜਿਨ੍ਹਾਂ ਨੇ ਬੁੱਲ੍ਹੇ ਨੂੰ ਲੋਕਾਂ ਦੇ ਦਿਲਾਂ ਵਿਚ ਵਸਾਇਆ ਹੋਇਆ ਹੈ। ਗਾਉਣ ਵਾਲਿਆਂ ਨੇ ਕਾਫੀਆਂ ਗਾ-ਗਾ ਕੇ ਧਨ ਅਤੇ ਸ਼ੋਹਰਤ ਕਮਾਈ ਹੈ। ਕਹਿੰਦੇ ਹਨ

ਜਦੋਂ ਬੁੱਲ੍ਹੇ ਸ਼ਾਹ ਦਾ ਦਿਹਾਂਤ ਹੋਇਆ ਤਾਂ ਸ਼ਹਿਰ ਦੇ ਖੁਣਸੀ ਮੌਲਵੀਆਂ ਨੇ, ਜੋ ਬੁੱਲ੍ਹੇ ਦੇ ਖੁੱਲ੍ਹੇਪਨ ਤੋਂ ਚਿੜ੍ਹ ਰਹੇ ਸਨ, ਉਨ੍ਹਾਂ ਨੇ ਬੁੱਲ੍ਹੇ ਸ਼ਾਹ ਦਾ ਜਨਾਜਾ ਪੜ੍ਹਣ ਤੋਂ ਹੀ ਇਨਕਾਰ ਨਹੀਂ ਕੀਤਾ ਨਾਲ ਹੀ ਸ਼ਹਿਰ ਦੇ ਕਬਰਸਤਾਨ ਵਿਚ ਉਸ ਦੀ ਦੇਹ ਨੂੰ ਦਫਨਾਉਣ ਤੋਂ ਵੀ ਮਨ੍ਹਾਂ ਕਰ ਦਿਤਾ। ਫਿਰ ਬੁੱਲ੍ਹੇ ਦੇ ਮੁਰੀਦਾਂ ਨੇ ਉਸ ਦੀ ਦੇਹ ਨੂੰ ਸ਼ਹਿਰ ਤੋਂ ਬਾਹਰ ਜਾ ਕੇ ਦਫਨਾਇਆ। ਜਿਥੇ ਹੁਣ ਬੁੱਲ੍ਹੇ ਸ਼ਾਹ ਦੀ ਦਰਗਾਹ ਹੈ।

ਬੁਲ੍ਹੇਸ਼ਾਹ ਦੀਆਂ ਕਾਫੀਆਂ ਦੀ ਇਕ ਵੰਨਗੀ-

ਇਕ ਰਾਂਝਾ ਮੈਨੂੰ ਲੋੜੀ ਦਾ।
ਕੁਨ-ਫ਼ਯਕੂਨੋ ਅੱਗੇ ਦੀਆਂ ਲੱਗੀਆਂ,
ਨੇਹੁੰ ਨਾ ਲੱਗੜਾ ਚੋਰੀ ਦਾ।

ਮੋ. 98762-08542

◆◆◆

# ਅਨੁਭਵਸ਼ੀਲ ਗਰੰਥ ਵਰਗੀ ਮਾਂ

ਪ੍ਰੋ. ਕੁਲਵੰਤ ਔਜਲਾ

ਕਿਰਤ ਦੀ ਕੁੱਖ ਵਿਚੋਂ ਉਪਜੇ ਅਨੁਭਵਸ਼ੀਲ ਗਰੰਥ ਵਰਗੀ ਸੀ ਮੇਰੀ ਅਨਪੜ੍ਹ ਮਾਂ। ਤੜਕੇ ਸਵੇਰੇ ਜਦੋਂ ਜਾਗਦੀ ਤਾਂ ਇਹ ਕਾਵਿ-ਬੋਲ ਉਚਾਰਦੀ :- "ਉੱਠ ਵੇ ਮਨਾ, ਬੇਗਾਨਿਆਂ ਧਨਾ, ਉੱਠਕੇ ਲਗ ਕਾਰੇ, ਤੈਨੂੰ ਸਤਿਗੁਰ ਤਾਰੇ।" ਸੱਚੀ ਸੰਵੇਦਨਾ, ਸਾਦਗੀ ਤੇ ਸਚਿਆਰਤਾ ਨਾਲ ਉਹ ਆਪਣੇ ਨਿੱਤ ਦੇ ਕਿਰਤ ਕਰਮ ਦਾ ਆਰੰਭ ਕਰਦੀ। ਇਸ ਤਰ੍ਹਾਂ ਦੀ ਭਾਵਨਾਤਮਕ ਊਰਜਾ ਅੱਜਕੱਲ੍ਹ ਲੱਭਿਆ ਵੀ ਨਹੀਂ ਲੱਭਦੀ। ਸਭ ਤੋਂ ਪਹਿਲਾਂ ਚੁੱਲ੍ਹਾ ਬਾਲਦੀ । ਬਾਪ ਨੂੰ ਅੱਧ ਰਿੜਕਾ ਪਿਆ ਕੇ ਹੱਲ ਵਾਹੁਣ ਤੋਰਦੀ . ਚਾਟੀ ਵਿੱਚ ਮਧਾਣੀ ਪਾਉਂਦੀ ਤੇ ਫੇਰ ਸਾਨੂੰ ਜਗਾ ਜਗਾ ਕੇ ਪੜ੍ਹਨ ਦੇ ਆਹਰ ਲਾਉਂਦੀ। ਮਾਂ ਕਹਿੰਦੀ- ਸਵੇਰੇ ਸਵੇਰੇ ਜੋ ਅਸੀਂ ਪੜ੍ਹਦੇ ਹਾਂ ਉਹ ਹਮੇਸਾ ਚੇਤੇ ਰਹਿੰਦਾ ਹੈ। ਸਵੇਰੇ ਸਵੇਰੇ ਕੀਤੇ ਕਾਰਜ ਸੁੱਚੇ ਤੇ ਸੁਦ੍ਰਿੜ ਹੁੰਦੇ ਹਨ। ਸਵੇਰੇ ਸਵੇਰੇ ਤੁਰੇ ਮੁਸਾਫਿਰ ਵਡੇਰੀਆਂ ਮੰਜ਼ਿਲਾਂ ਦੇ ਪਾਂਧੀ ਬਣਦੇ ਹਨ। ਸਵੇਰ ਦੀ ਤਾਜ਼ਗੀ ਤੇ ਤਰੰਨੁਮ ਬੰਦੇ ਨੂੰ ਅੰਦਰੂਨੀ ਉਡਾਰੀਆਂ ਦੇ ਰਾਹ ਤੋਰਦੇ ਹਨ। ਸਵੇਰ ਵੇਲੇ ਦੇ ਰੂਹੀ-ਰਿਆਜ ਨਾਲ ਸੁਰ ਕੀਤੇ ਸੁਪਨੇ ਮਹਾਨ ਲੱਭਤਾਂ ਨੂੰ ਉਪਜਾਉਂਦੇ ਹਨ। ਸਵੇਰ ਕੁਦਰਤ ਦੇ ਸਹਿਜ ਆਵੇਸ਼ ਦੀ ਮਹਾਨ ਰਚਨਾਕਾਰੀ ਹੈ ਜੋ ਸਮੁੱਚੀ ਕਾਇਨਾਤ ਨੂੰ ਸੁਰਬੱਧ ਤੇ ਸਾਜ਼ਿੰਦ ਕਰਦੀ ਹੈ। ਮਾਂ ਕਹਿੰਦੀ ਸਵੇਰੇ-ਸਵੇਰੇ ਊਰਜਿਤ ਹੋਈਆਂ ਧੜਕਣਾ ਬੰਦੇ ਨੂੰ ਰੁੱਖਾਂ, ਪੰਛੀਆਂ, ਪਸ਼ੂਆਂ, ਪਾਣੀਆਂ, ਹਵਾਵਾਂ ਤੇ ਮਿੱਟੀਆਂ ਨਾਲ ਮੋਹ ਕਰਨ ਦੀ ਜੀਵੰਤ ਜੁਗਤ ਸਿਖਾਉਂਦੀਆਂ ਹਨ। ਕਿਰਤ ਤੇ ਕੁਦਰਤ ਨਾਲ ਕੀਤਾ ਸਹਿਜ ਸੁਭਾਵਿਕ ਪਿਆਰ



ਜੋਰ ਲਾ ਲਾ ਕੇ ਕੀਤੀਆਂ ਅਨੇਕਾਂ ਭਗਤੀਆਂ ਤੇ ਜੁਗਤੀਆਂ ਤੋਂ ਉੱਪਰ ਹੈ। ਕੁਦਰਤ ਦੀਆਂ ਮਹਾਨ ਰਹਿਮਤਾਂ ਨੂੰ ਸਨੇਹ ਕਰਨ ਵਾਲੇ ਲੋਕ ਹੀ ਸੂਰਬੀਰ ਤੇ ਸ਼ਹੀਦ ਬਣਦੇ ਹਨ ਅਤੇ ਜੰਗਲਾਂ ਬੇਲਿਆਂ, ਟਿੱਬਿਆਂ, ਟੋਭਿਆਂ ਤੇ ਨਦੀਆਂ ਦਰਿਆਵਾਂ ਦੀ ਸਹਿਜ ਬੇਪ੍ਰਵਾਹੀ ਵਿਚੋਂ ਮਾਨਵੀ ਕਾਵਿਕਤਾ ਲੱਭਣ ਦੇ ਰਾਹ ਤੁਰਦੇ ਹਨ। ਮਾਂ ਇੰਜ ਬੋਲਦੀ ਜਿਵੇਂ ਪੈਗੰਬਰ ਬੋਲਦੇ ਹਨ। ਮੈਂ ਪੈਗੰਬਰੀ ਮਾਂ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਪਰ ਮਾਂ ਵਰਗੀ ਕਵਿਤਾ ਮੈਥੋਂ ਨਹੀਂ ਲਿਖ ਹੋਈ।

ਚਾਚੀਆਂ ਤੇ ਤਾਈਆਂ ਵਰਗੀਆਂ ਤਾਂ ਲਿਖੀਆਂ ਨੇ ਬਹੁਤ ਨਜ਼ਮਾਂ
ਲਿਖ ਨਹੀਂ ਹੋਈ ਮੈਥੋਂ ਪਰ ਮਾਂ ਵਰਗੀ ਇੱਕ ਵੀ ਕਵਿਤਾ

ਮਾਵਾਂ ਸਿਰਫ ਧੀਆਂ ਪੁੱਤਰ ਜੰਮਦੀਆਂ ਹੀ ਨਹੀਂ ਸਗੋਂ ਉਹਨਾਂ ਨੂੰ ਗੁਰੂ ਨਾਨਕ, ਭਗਤ ਸਿੰਘ, ਲੈਨਿਨ ਤੇ ਪਾਬਲੋ ਨਰੂਦਾ ਬਣਨ ਲਈ ਰਚਨਾਤਮਿਕ ਊਰਜਾ ਤੇ ਅੰਬਰ ਵੀ ਦਿੰਦੀਆਂ ਹਨ। ਉਡਣਾ, ਫੈਲਣਾ ਤੇ ਸੰਘਰਸ਼ ਕਰਨਾ ਸਿਖਾਉਣ ਵਾਲੀ ਮਾਂ ਆਦਮੀ ਦੀ ਸਭ ਤੋਂ ਵੱਡੀ ਉਸਤਾਦ ਹੁੰਦੀ ਹੈ। ਸਾਡੀ ਮਾਂ ਨੂੰ ਅੰਮ੍ਰਿਤ ਵੇਲੇ ਦਾ ਪਰਿਭਾਸ਼ਿਕ ਗਿਆਨ ਨਹੀਂ ਸੀ ਪਰ ਅੰਮ੍ਰਿਤ ਵੇਲੇ ਦੇ ਅੰਦਰੂਨੀ ਮਾਅਨੇ ਉਹ ਕਿਸੇ ਵੀ ਵੱਡੇ ਗ੍ਰੰਥੀ ਤੋਂ ਵੱਧ ਜਾਣਦੀ ਸੀ। ਮਾਂ ਵਲੋਂ ਮਿਲੇ ਸੁਪਨਸ਼ੀਲ ਅਹਿਸਾਸਾਂ ਕਰਕੇ ਜ਼ਿੰਦਗੀ ਨੂੰ ਮਾਨਣ ਤੇ ਸਮਝਣ ਦੀ ਚੇਤਨਾ ਤੇ ਚਾਹਤ ਮਿਲੀ। ਪੁਸਤਕ ਦੀ ਨੇੜਤਾ ਤੇ ਨਿੱਘ ਮਿਲਿਆ। ਜਦੋਂ ਵੀ ਉਦਾਸ ਹੁੰਦਾ ਹਾਂ ਕਿਤਾਬ ਕੋਲ ਜਾਂਦਾ ਹਾਂ। ਕਵਿਤਾ ਜਨਮ ਲੈਂਦੀ ਹੈ। ਅੱਖਰ ਬੋਲਦੇ ਹਨ —

ਸਾਡੇ ਘਰ ਵਿਚ ਅਜੇ ਵੀ ਜਗਦਾ ਅੱਖਰਾਂ ਦੀ ਜੋ ਆਸ ਦਾ ਦੀਵਾ
ਇਹ ਹੈ ਸਾਡੀ ਅਨਪੜ੍ਹ ਮਾਂ ਦੇ ਸੁਪਨਸ਼ੀਲ ਆਕਾਸ ਦਾ ਦੀਵਾ

ਅਜੋਕੀ ਦੁਨੀਆਂ ਪਰ ਮਾਂ ਵਿਹੂਣੀ ਹੋ ਗਈ ਹੈ। ਏਸੇ ਕਰਕੇ ਪੈਰ ਪੈਰ ਦੁਖੀ ਹੈ। ਅਜੋਕੀਆਂ ਲੱਭਤਾਂ ਨੇ ਵਿਕਾਸ ਦੀ ਸਿਖਰ ਤਾਂ ਦਿਖਾ ਦਿੱਤੀ ਪਰ ਅੰਦਰੂਨੀ ਰਚਨਾਤਮਿਕ ਕੁੱਖ ਵਿਚੋਂ ਉੱਗਣ ਵਾਲੀਆਂ ਰਹਿਮਤਾਂ ਤੇ ਰਮਜ਼ਾਂ ਦੀ ਰਵਾਇਤੀ ਫਸਲ ਕਣ ਕਣ ਜਹਿਰੀਲੀ ਹੋ ਗਈ ਹੈ। ਅੱਜ ਦੇ ਬੰਦੇ ਨੂੰ ਰੂਹ ਦੀ ਰੱਜ ਦੇ ਅਰਥ ਭੁੱਲ ਗਏ ਹਨ। ਏਸੇ ਕਰਕੇ ਉਹ ਰੱਜਦਾ ਨਹੀਂ। ਆਂਦਰਾਂ ਦੀ ਸਰਗਮ ਵਿਚੋਂ ਉਪਜਦੇ ਮੋਹ, ਮਮਤਾ, ਮੁਹੱਬਤ ਤੇ ਮਾਨਵੀ ਇਲਮ ਤੇ ਅਹਿਸਾਸ ਨੂੰ ਗੁਆਕੇ ਪ੍ਰਾਪਤ ਹੋਈਆਂ ਪਦਾਰਥਕ ਤਰੱਕੀਆਂ ਤੇ ਖੋਜਾਂ ਕਿੰਨਾ ਕੁ ਚਿਰ ਸੰਤੁਸ਼ਟ ਕਰ ਸਕਣਗੀਆਂ ? ਖੁਦਕੁਸ਼ੀਆਂ ਦਾ ਦੌਰ ਹੈ। ਪੈਸਾ, ਪਦਾਰਥ ਤੇ ਪਦਵੀ ਮਹਾਨ ਹੋ ਗਏ ਹਨ। ਹਰ ਕੋਈ ਵੱਡਾ ਬਣਨਾ ਲੋਚਦਾ ਹੈ। ਸੰਵੇਦਨਾ, ਸ਼ਬਦ, ਸੁਰ ਤੇ ਸਕਤੀ ਬੇਜਾਨ ਹੋ ਗਏ ਹਨ। ਅੱਖਰਾਂ ਦੀ ਤਵਾਰੀਖ ਵਿੱਚੋਂ ਜਨਮੀ ਕਾਵਿ-ਜ਼ਮੀਨ ਨੂੰ ਅਸੀਂ ਮੁੱਲ ਵਿਕਦੇ ਪਾਣੀਆਂ ਨਾਲ ਸਿੰਜ ਰਹੇ ਹਾਂ। ਹਾਜਰੀਆਂ ਤੇ ਜੀ ਹਜ਼ੂਰੀਆਂ ਨੇ

ਤੜਫਨ ਲਾ ਦਿੱਤੇ ਨੇ ..

ਲੋਕ। ਅਨਪੜ੍ਹ ਤੇ ਅਸਫਲ ਲੋਕ ਕਾਲਜ, ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਚਲਾ ਰਹੇ ਨੇ। ਮੈਨੂੰ ਯੂਨੀਵਰਸਿਟੀ ਪੜ੍ਹਦੇ ਨੂੰ ਦੇਖਣ ਮੇਰੀ 'ਮਾਂ ਗਈ। ਬਹੁਤ ਖੁਸ਼ ਹੋਈ। ਜਦੋਂ ਮੇਰਾ ਬੱਚਾ ਪੜ੍ਹਨ ਲੱਗਾ ਤਾਂ ਉਸਦਾ ਕਾਲਜ ਦੇਖਣ ਗਈ। ਕਹਿੰਦੀ ਮੇਰੇ ਪੁੱਤ ਦੀ ਯੂਨੀਵਰਸਿਟੀ ਵਰਗਾ ਤਾਂ ਏਥੇ ਕੁੱਝ ਵੀ ਨਹੀਂ। ਵਪਾਰ ਨੇ ਅੱਖਰਾਂ ਦੇ ਬਾਗ ਵੀਰਾਨ ਕਰ ਦਿੱਤੇ ਹਨ। ਬਾਬਾ ਨਾਨਕ ਦੇ ਰਾਹ ਤੇ ਰਾਗਦਾਰੀਆਂ ਵਪਾਰਕ ਹੋ ਗਈਆਂ ਹਨ। ਸ਼ੋਹਰਤ, ਸੱਤਾ ਤੇ ਸਹੂਲਤਾਂ ਨੂੰ ਤਰਸਦੇ ਲੋਕ ਹਜੂਮਾਂ ਵਿਚੋਂ ਸ਼ਾਇਦ ਹੁਣ ਪੰਜ ਪਿਆਰੇ ਵੀ ਨਾ ਮਿਲਣ। ਕੋਈ ਵੀ ਭੈਣ ਨਾਨਕੀ ਹੁਣ ਫ਼ਕੀਰ ਭਰਾ ਨੂੰ ਨਹੀਂ ਉਡੀਕਦੀ। ਫ਼ਕੀਰੀ ਨੂੰ ਕੌਣ ਝੱਲਦਾ ? ਡੇਰਿਆਂ ਦੇ ਕਲਚਰ ਨੇ ਫ਼ਕੀਰੀਆਂ ਦੇ ਨਾਮ ਮਿਟਾ ਦਿੱਤੇ ਹਨ। ਮੈਂ ਆਪਣੇ ਇੱਕ ਅਮੀਰ ਮਿੱਤਰ ਦੇ ਬਾਪ ਦੇ ਸੰਸਕਾਰ 'ਤੇ ਗਿਆ। ਪਰਿਵਾਰ ਇੰਜ ਰੋ ਰਿਹਾ ਸੀ ਜਿਵੇਂ ਕੋਈ ਜਾਇਦਾਦ ਮਰ ਗਈ 'ਹੋਵੇ। ਰੋਣਾ ਤੇ ਹੱਸਣਾ ਸਿਖਣ ਲਈ ਅਭਿਆਸ ਕੇਂਦਰ ਖੁਲ੍ਹ ਗਏ ਹਨ। ਨਿੱਕੇ ਹੁੰਦਿਆਂ ਸਾਡੀ ਬਹੁਤ ਹੀ ਸੁੰਦਰ ਤੇ ਸਿਹਤਮੰਦ ਮੱਝ ਮਰ ਗਈ। ਮੇਰੀ ਮਾਂ ਇੰਝ ਵੈਣ ਪਾ ਪਾ ਖੂਹ ਨੂੰ ਭੱਜੀ ਜਿਵੇਂ ਕੋਈ ਸਕਾ ਮਰ ਗਿਆ ਹੋਵੇ। ਪੰਛੀ ਤਾਂ ਕੀ ਹੁਣ ਤਾਂ ਢਿਡੋਂ ਜੰਮੇ ਵੀ ਸਕੇ ਨਹੀਂ ਰਹੇ। ਮੇਰੇ ਇੱਕ ਦੋਸਤ ਦਾ ਪੁੱਤਰ ਵਿਦੇਸ਼ੋਂ ਆਇਆ। ਮਹੀਨਾ ਸ਼ਹਿਰ ਰਹਿ ਕੇ ਚਲਾ ਗਿਆ ਪਰ ਮਾਂ ਨੂੰ ਮਿਲਣ ਪਿੰਡ ਨਹੀਂ ਗਿਆ। ਇੱਕ ਵੇਰ ਮੇਰੀ ਮਾਂ ਮੇਰੇ ਨਾਲ ਲੜ ਪਈ। ਮੈਂ ਕਿੰਨਾ ਚਿਰ ਮਾਂ ਨੂੰ ਮਿਲਣ ਨਾ ਗਿਆ। ਜਦੋਂ ਗਿਆ ਤਾਂ ਅਸੀਂ ਦੋਵੇਂ ਇੰਜ ਰੋਏ ਜਿਵੇਂ ਸਦੀਆਂ ਬਾਅਦ ਮਿਲੇ ਹੋਈਏ। ਅੱਜ ਵੀ ਜਦੋਂ ਇਹ ਘਟਨਾ ਚੇਤੇ ਆਉਂਦੀ ਹੈ ਤਾਂ ਅੱਖਾਂ ਭਰ ਆਉਂਦੀਆਂ ਹਨ। ਭਰੀਆਂ ਅੱਖਾਂ ਸਹਿਜ ਹੋਣ ਦੀ ਆਤਮਿਕ ਬਰਕਤ ਹਨ।

ਸਾਡੀ ਮਾਂ ਦੀਆਂ ਅੱਖਾਂ ਚੁੱਲ੍ਹੇ ਦੀ ਅੱਗ ਦੇ ਧੂੰਏ ਨਾਲ ਖਰਾਬ ਹੋ ਗਈਆਂ। ਸਾਡੇ ਬਾਪ ਦੀਆਂ ਹੱਲ ਵਾਹ ਵਾਹ ਕੇ ਲੱਤਾਂ ਥੱਕ ਗਈਆਂ। ਪਰ ਉਹਨਾਂ ਰੀਝ ' ਨਾਲ ਸਾਨੂੰ ਪੜ੍ਹਾ ਪੜ੍ਹਾਕੇ ਰਿਜਕ ਜੋਗੇ ਹੀ ਨਹੀਂ ਬਣਾਇਆ ਸਗੋਂ ਦੁਨੀਆਂ ਨੂੰ ਸਮਝਣ ਮਾਨਣ ਦੇ ਯੋਗ ਵੀ ਬਣਾਇਆ। ਨਾ ਅੱਕੇ ਨਾ ਥੱਕੇ। ਅਸੀਂ ਮਾਂ ਬਾਪ ਦੀ ਮੁਸ਼ੱਕਤ ਤੇ ਮੁਹੱਬਤ ਦਾ ਪੂਰਾ ਮੁੱਲ ਪਾਇਆ। ਪੜ੍ਹਨ ਲਈ ਪੈਸੇ ਮੰਗਦੇ ਤਾਂ ਇਹ ਅਹਿਸਾਸ ਹੁੰਦਾ ਕਿ ਕਿਤੇ ਮਾਂ ਬਾਪ ਨੂੰ ਕਿਸੇ ਕੋਲੋਂ ਪੈਸੇ ਮੰਗਣੇ ਨਾ ਪੈਣ। ਪਰ ਕੈਸੀ ਸੋਚ ਹੈ ਕਿ ਅਜੋਕੇ ਸਹੂਲਤਾਂ ਭੋਗੂ ਵਿਹਲੜਾਂ ਕੋਲ ਮਾਂ ਬਾਪ ਦੀ ਪੀੜ ਸੁਣਨ ਦਾ ਅਹਿਸਾਸ ਨਹੀਂ ਹੈ। ਘਰ ਜ਼ਮੀਨਾਂ ਵੇਚਕੇ ਪਰਦੇਸ ਜਾਣ ਲਈ ਜ਼ਿੱਦ ਕਰਦੇ ਹਨ। ਮੇਰੇ ਇੱਕ ਮਿੱਤਰ ਨੇ ਉਮਰ ਭਰ ਰਿਸ਼ਵਤ ਖੋਰੀ ਕੀਤੀ ਅਤੇ ਅੰਤ ਬੱਚਿਆਂ ਨੂੰ ਪ੍ਰਦੇਸ ਵਿਚ ਸੈਟਲ ਕਰਨ ਦੇ ਮਕਸਦ ਨਾਲ ਰੋਹੜ ਦਿੱਤੀ। ਬੁਢਾਪੇ ਵਿਚ ਹੇਰਵਾ ਤੇ ਹਿਜਰਤ ਬੰਦੇ ਨੂੰ ਖੋਰ ਖੋਰ ਕੇ ਭਸਮ ਕਰ ਦਿੰਦੇ ਹਨ। ਜੇ ਬੱਚੇ ਸਨੇਹ ਕਰਨ ਅਤੇ



ਸਾਥ ਦੇਣ ਤਾਂ ਬੁਢਾਪਾ ਸੁਖਦ ਅਹਿਸਾਸ ਨਾਲ ਸੰਪੰਨ ਹੁੰਦਾ ਹੈ।

ਮੈਨੂੰ ਤੇ ਮੇਰੀ ਉਮਰ ਦੇ ਲਗਭਗ ਸਾਰੇ ਲੋਕਾਂ ਨੂੰ ਮਾਪਿਆਂ ਨੇ ਕਿਤਾਬਾਂ ਦਿੱਤੀਆਂ, ਕਵਿਤਾਵਾਂ ਦਿੱਤੀਆਂ ਤੇ ਕਰਮਯੋਗ ਇਨਸਾਨੀਅਤ ਦਿੱਤੀ। ਅਸੀਂ ਵੀ ਮਾਂ ਬਾਪ ਦਾ ਰਿਣ ਉਤਾਰਿਆ। ਮੈਂ ਆਪਣੇ ਬਾਪ ਬਾਰੇ ਲਿਖੀ ਕਵਿਤਾ ਵਿਚ ਉਸਨੂੰ ਕਿਰਤ ਦਾ ਮਹਾਂ-ਕਾਵਿ ਆਖਿਆ। ਸਾਨੂੰ ਆਪਣੇ ' ਮਾਪਿਆਂ ਬਾਰੇ ਲਿਖਣਾ ਚਾਹੀਦਾ ਹੈ ਤਾਂ ਕਿ ਅਜੋਕੇ ਦੂਸ਼ਿਤ ਜ਼ਮਾਨੇ ਦੀਆਂ ਨਵੀਆਂ ਨਸਲਾਂ ਕੁਝ ਸਿੱਖ ਸਕਣ। ਨਵੀਂ ਨਸਲ ਨੂੰ ਅਜਿਹਾ ਬਣਾਉਣ ਲਈ ਮਾਪੇ ਤੇ ਮਾਹੌਲ ਜ਼ਿੰਮੇਵਾਰ ਹੈ। ਅਜੋਕੇ ਭੈਭੀਤ ਮਾਹੌਲ ਨੇ ਇਹਨਾਂ ਨੂੰ ਨਿਕੰਮੇ, ਨਸ਼ਈ ਤੇ ਚਰਿੱਤਰਹੀਣ ਬਣਾਇਆ ਹੈ। ਸਾਡੀ ਸਾਹਿਤ ਸਭਾ ਦਾ ਇਕ ਨੌਜਵਾਨ ਲੇਖਕ ਵਿਦੇਸ਼ ਜਾ ਰਿਹਾ ਸੀ। ਅਸੀਂ ਉਸ ਨਾਲ ਰੂਬਰੂ ਰਚਾਇਆ। ਉਹ ਕਹਿੰਦਾ ਮੈਂ ਇਸ ਦੇਸ਼ ਤੋਂ ਭੱਜ ਜਾਣਾ ਚਾਹੁੰਦਾ ਹਾਂ। ਹਰ ਨੌਜਵਾਨ ਏਥੋਂ ਭੱਜ ਜਾਣਾ ਚਾਹੁੰਦਾ ਹੈ। ਕੁਰੱਪਟ, ਗੰਦੇ, ਦਰਿੰਦੇ, ਵਪਾਰੀ ਤੇ ਅਮਾਨਵੀ ਸਮਾਜ ਨੂੰ ਬਦਲਣ ਦੀ ਅਣਹੋਂਦ ਵਿਚੋਂ ਅਜਿਹੇ ਉਦਾਸ ਅਹਿਸਾਸ ਜੰਮਦੇ ਹਨ।

ਆਉ ਸਾਰੇ ਰਲਕੇ ਅਜਿਹਾ ਰਚਨਾਤਮਿਕ ਤੇ ਸੁਪਨਸ਼ੀਲ ਸਮਾਜ ਸਿਰਜੀਏ ਜਿਸ ਵਿਚ ਸਾਡੇ ਬੱਚਿਆਂ ਨੂੰ ਰਿਜ਼ਕ ਤੇ ਰੋਟੀ ਲਈ ਤੜਪਣਾ ਨਾ ਪਵੇ ਅਤੇ ਮਾਵਾਂ ਨੂੰ ਅੱਥਰੂਆਂ ਨਾਲ ਆਟਾ ਨਾ ਗੁੰਨਣਾ ਪਵੇ :-

ਮਾਨਵ ਰੰਗ ਵਿਚ ਰੰਗ ਦੇਹ ਮੌਲਾ
ਦਿਲ ਨੂੰ ਨਵੀਂ ਉਮੰਗ ਦੇਹ ਮੌਲਾ
ਮਹਿਕਣ, ਮੌਲਣ, ਪੁੰਗਰਨ ਦੇ ਲਈ
ਧੜਕਣ ਜੋਗੇ ਅੰਗ ਦੇਹ ਮੌਲਾ

ਕਿਰਤ ਦੇ ਅਨੁਭਵਸੀਲ ਗ੍ਰੰਥ ਵਰਗੀਆਂ ਮਾਵਾਂ ਹੀ ਅਜੋਕੇ ਸਮੇਂ ਨੂੰ ਸੇਧ, ਸੁਮੱਤ ਤੇ ਸਿਹਤਮੰਦੀ ਦੇ ਸਕਦੀਆਂ ਹਨ। ਅਜਿਹੀਆਂ ਮਾਵਾਂ ਨੂੰ ਅੱਗੇ ਆਉਣਾ ਚਾਹੀਦਾ।

**ਮੋ. 84377-88856**

◆◆◆

# ਮਿੰਨੀ ਕਹਾਣੀਆਂ

## ਫੁੱਲਾਂ ਦਾ ਹਾਰ

**ਪ੍ਰੋ. ਸਤਵਿੰਦਰ ਬੇਗੋਵਾਲੀਆ**

ਚੋਣਾਂ ਦੇ ਦਿਨਾਂ ਵਿੱਚ ਰਾਜਸੀ ਸਰਗਰਮੀਆਂ ਜ਼ੋਰਾਂ ਤੇ ਸਨ। ਇਕ ਰਾਜਸੀ ਇਕੱਤਰਤਾ ਵਿੱਚ ਨੇਤਾ ਜੀ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਨੇਤਾ ਦੇ ਗਲ ਵਿੱਚ ਫੁੱਲਾਂ ਦਾ ਹਾਰ ਸੀ ਜੋ ਉਸਦੇ ਵਰਕਰਾਂ ਨੇ ਬੜੀ ਗਰਮਜੋਸ਼ੀ ਨਾਲ ਸਵਾਗਤ ਕਰਦੇ ਹੋਏ ਪਾਇਆ ਸੀ। ਇਕ ਲੇਖਕ ਪੰਡਾਲ ਤੋਂ ਥੋੜਾ ਦੂਰ ਵੇਖਦਾ ਹੋਇਆ ਆਪਣੇ ਆਪ ਵਿੱਚ ਹੀ ਕਹਿ ਰਿਹਾ ਸੀ, "ਕਿੰਨੇ ਸੋਹਣੇ ਕੁਦਰਤੀ ਪੀਲੇ ਰੰਗ ਦੇ ਫੁੱਲ ਨੇ ! ਹਾਰ ਤਾਂ ਕੁਦਰਤ ਦਾ ਅਨਮੋਲ ਖਜ਼ਾਨਾ ਏ, ਇਸ ਨੇਤਾ ਨੇ ਸਰਕਾਰੀ ਖਜ਼ਾਨੇ ਨੂੰ ਚੂਨਾ ਲਾ ਕੇ ਪਿਛਲੇ ਪੰਜ ਸਾਲਾਂ ਵਿੱਚ ਕਰੋੜਾਂ ਦੀ ਜਾਇਦਾਦ ਬਣਾ ਲਈ। ਸੱਚਮੁੱਚ ਇਹ ਤਾਂ ਫੁੱਲਾਂ ਦੀ ਤਰਾਸਦੀ ਏ।" ਬੇਚੈਨੀ ਵਿੱਚ ਲੇਖਕ ਉਥੋਂ ਚਲਾ ਗਿਆ। ਅਗਲੇ ਦਿਨ ਉਹੀ ਲੇਖਕ ਨਗਰ ਤੋਂ ਬਾਹਰਵਾਰ ਸੈਰ ਕਰ ਰਿਹਾ ਸੀ। ਅਚਾਨਕ ਸਰੋਂ ਦੇ ਖੇਤ ਵਿੱਚੋਂ ਇਕ ਕਿਸਾਨ ਬਾਹਰ ਆਇਆ। ਤਰੇਲ ਨਾਲ ਉਸ ਦੀਆਂ ਲੱਤਾਂ, ਪੈਰ ਭਿੱਜ ਗਏ ਸਨ ਪਰ ਉਸਦੇ ਪੈਰਾਂ ਨਾਲ ਪੀਲੇ ਰੰਗ ਦੇ ਫੁੱਲਾਂ ਦੇ ਛੋਟੇ ਛੋਟੇ ਟੁਕੜੇ ਚਿੰਬੜ ਗਏ ਸਨ। ਲੇਖਕ ਨੇ ਮਹਿਸੂਸ ਕੀਤਾ ਕਿ ਕਿਸਾਨ ਦੇ ਪੈਰਾਂ ਦੇ ਉਪਰ ਇਕ ਹਾਰ ਬਣ ਗਿਆ ਸੀ। ਖੁਸ਼ੀ ਵਿੱਚ ਖੀਵੇ ਹੋਏ ਲੇਖਕ ਨੇ ਕਿਹਾ, "ਹੁਣ ਫੁੱਲਾਂ ਦਾ ਹਾਰ ਢੁਕਵੀਂ ਥਾਂ ਹਾਸਲ ਕਰ ਹੀ ਗਿਆ ਹੈ।"

-**ਸੰਪਰਕ** 98154-65620

◆◆◆

## ਅਧੂਰੀ ਖੁਸ਼ੀ

**ਮਲਕੀਤ ਦਰਦੀ**

ਜਦੋਂ ਰਾਜਿੰਦਰ ਨੇ ਦੇਖਿਆ ਕਿ ਜੇ.ਈ. ਨੇ ਸੁਪਰਡੈਂਟ ਨੂੰ ਪੰਜ ਸੌ ਦੇ ਪੰਜ ਨੋਟ ਫੜਾਏ ਹਨ ਤਾਂ ਉਸਦੀਆਂ ਉਂਗਲਾਂ ਟਾਈਪ ਰਾਈਟਰ ਉਤੇ ਤੇਜ਼ੀ ਨਾਲ ਚੱਲਣ ਲੱਗ ਪਈਆਂ। ਪੰਜ ਤਖਮੀਨਿਆਂ ਦੇ ਪੰਜ ਸੌ ਹੀ ਬਣਦੇ ਹਨ। ਬਾਕੀ ਸੁਪਰਡੈਂਟ ਦੇ। ਉਸ ਨੂੰ ਆਪਣੀ ਸ਼ਾਮ ਰੰਗੀਨ ਹੁੰਦੀ ਜਾਪੀ। ਉਹ ਦੁਪਹਿਰ ਦੀ ਰੋਟੀ ਖਾਣ ਕਵਾਟਰ ਵੀ ਨਾ ਗਿਆ। ਚਪੜਾਸੀ ਨੂੰ ਪ੍ਰੇਮ ਦੀ ਦੁਕਾਨ ਤੋਂ ਛੋਲੇ ਭਟੂਰੇ ਲਿਆਉਣ ਲਈ ਕਹਿ ਦਿੱਤਾ। ਉਸਨੇ ਬਾਕੀ ਦੇ ਕੰਮ ਵੀ ਕੱਲ੍ਹ ਉਤੇ ਛੱਡ ਦਿੱਤੇ।

ਜੇ.ਈ. ਤੇ ਸੁਪਰਡੈਂਟ ਚਟਖਾਰੇ ਲੈ ਕੇ ਹੱਸ ਰਹੇ ਸਨ। ਨਾਲ ਹੀ ਰਾਜਿੰਦਰ ਦੀਆਂ ਸਿਫ਼ਤਾਂ ਦੇ ਪੁਲ ਬੰਨ ਰਹੇ ਸਨ।

ਜਦੋਂ ਸਾਰੇ ਤਖਮੀਨੇ ਟਾਈਪ ਹੋ ਗਏ ਤਾਂ ਸੁਪਰਡੈਂਟ ਨੇ ਖੁਸ਼ ਹੋ ਕੇ ਬਟੂਏ 'ਚੋਂ ਸੌ ਦਾ ਮੁੜਿਆ ਜਿਹਾ ਨੋਟ ਰਾਜਿੰਦਰ ਨੂੰ ਫੜਾ ਦਿੱਤਾ।

"ਜੇ.ਈ. ਨੇ ਤਾਂ ਤੁਹਾਨੂੰ ਜ਼ਿਆਦਾ ਪੈਸੇ ਦਿੱਤੇ ਸੀ।"

"ਨਹੀਂ ਯਾਰ ਉਹ ਤਾਂ ਸਾਡਾ ਪਿਛਲਾ ਹਿਸਾਬ ਕਿਤਾਬ ਰਹਿੰਦਾ ਸੀ।"

-ਹੁਣ ਰਾਜਿੰਦਰ ਦੇ ਪੈਰ ਮਣ-ਮਣ ਦੇ ਭਾਰੇ ਹੋ ਗਏ ਸਨ।

**ਟੀ-2/ 359, ਰਣਜੀਤ ਸਾਗਰ ਡੈਮ**
**ਸ਼ਾਹਪੁਰਕੰਡੀ ਟਾਊਨਸ਼ਿਪ**-145029
**ਪਠਾਨਕੋਟ** (73474-89902)

◆◆◆

## ਮੌਕਾ ਪ੍ਰਸਤੀ

ਅਚਾਨਕ ਹੀ ਤਬੀਅਤ ਖਰਾਬ ਹੋਣ ਕਰਕੇ ਅੱਜ ਵਿਹੜੇ ਵਾਲੀ ਕਰਮੋ ਨੇ ਆਪਣੇ ਬਦਲੇ ਆਪਣੀ ਜਵਾਨ ਧੀ ਚੰਨੋ ਨੂੰ ਨੰਬਰਦਾਰਾਂ ਦੇ ਘਰ ਗੋਹਾ ਕੂੜਾ ਕਰਨ ਲਈ ਭੇਜ ਦਿੱਤਾ।

ਰੱਖੜੀ ਦਾ ਦਿਨ ਹੋਣ ਕਰਕੇ ਨੰਬਰਦਾਰਨੀ ਗੁਰਨਾਮ ਕੌਰ ਨੇ ਅੱਜ ਆਪਣੇ ਭਰਾ ਦੇ ਰੱਖੜੀ ਬੰਨਣ ਲਈ ਆਪਣੇ ਪੇਕਿਆਂ ਦੇ ਪਿੰਡ ਜਾਣਾ ਸੀ। ਉਹੋ ਰੱਖੜੀ ਨੂੰ ਉਹ ਲਫ਼ਾਫੇ 'ਚੋਂ ਕੱਢਕੇ ਆਪਣੇ ਹੱਥ ਵਿੱਚ ਫੜਕੇ ਵੇਖ ਰਹੀ ਸੀ ਕਿ ਉਸੇ ਵੇਲੇ ਉਸ ਨੂੰ ਆਪਣੇ ਡੰਗਰਾਂ ਵਾਲੇ ਘਰ ਵੱਲੋਂ ਆਈ ਇਕ ਚੀਖ਼ ਸੁਣਾਈ ਦਿੱਤੀ। ਆਪਣੇ ਕਮਰੇ 'ਚੋਂ ਬਾਹਰ ਨਿਕਲ ਕੇ ਉਹ ਬਿੱਲੀ ਵਾਂਗ ਦੱਬਵੇਂ ਪੈਰੀਂ ਤੁਰਦੀ ਹੋਈ ਡੰਗਰਾਂ ਵਾਲੇ ਘਰ ਦੇ ਸਾਹਮਣੇ ਜਾ ਕੇ ਰੁਕ ਗਈ। ਫਿਰ ਉਸਨੇ ਚੋਰ ਨਜ਼ਰਾਂ ਨਾਲ ਅੰਦਰ ਨੂੰ ਝਾਤੀ ਮਾਰਕੇ ਵੇਖਿਆ। ਇਸ ਵੇਲੇ ਉਸਦਾ ਬਾਰ੍ਹਵੀਂ 'ਚ ਪੜ੍ਹ ਰਿਹਾ ਪੁੱਤਰ ਦੀਪਾ ਡੰਗਰਾਂ ਦੀ ਖੁਰਲੀ ਦੇ ਨੇੜੇ ਖੜ੍ਹਾ ਸੀ ਤੇ ਉਸਦੇ ਸਾਹਮਣੇ ਖੜ੍ਹੀ ਚੰਨੋ ਉਸ ਨੂੰ ਇਸ ਤਰ੍ਹਾਂ ਆਖ ਰਹੀ ਸੀ - "ਪਾਪੀਆ ! ਮੈਂ ਤਾਂ ਤੈਨੂੰ ਆਪਣਾ ਵੱਡਾ ਭਰਾ ਸਮਝਦੀ ਸੀ, ਪਰ ਤੂੰ ਤਾਂ ਅੱਜ ਮੇਰੀ ਬਾਂਹ ਨੂੰ ਹੀ ਹੱਥ ਪਾ ਲਿਐ। ਤੇਰੀ ਇਸ ਕਰਤੂਤ ਨੂੰ ਮੈਂ ਸਭ ਦੇ ਸਾਹਮਣੇ ਨੰਗਾ ਕਰਾਂਗੀ।"

ਚੰਨੋਂ ਦੀ ਗੱਲ ਸੁਣਕੇ ਗੁਰਨਾਮ ਕੌਰ ਇਕ ਵਾਰ ਤਾਂ ਧੁਰ ਅੰਦਰ ਤੱਕ ਕੰਬ ਗਈ, ਪਰ ਛੇਤੀ ਹੀ ਉਸਦਾ ਤੇਜ਼ ਦਿਮਾਗ ਇਕ ਦਮ ਕੰਮ ਕਰ ਗਿਆ ਤੇ ਉਹ ਕਾਹਲੀ ਨਾਲ ਡੰਗਰਾਂ

ਵਾਲੇ ਘਰ 'ਚ ਦਾਖਲ ਹੋਈ ਤੇ ਚੰਨੋਂ ਨਾਲ ਆਪਣੀਆਂ ਨਜ਼ਰਾਂ ਮਿਲਾਉਂਦੀ ਹੋਈ ਝੱਟ ਬੋਲੀ- "ਤੂੰ ਫ਼ਿਕਰ ਨਾ ਕਰ ਧੀਏ। ਅੱਜ ਤੋਂ ਇਹ ਤੇਰਾ ਭਰਾ ਬਣਕੇ ਹੀ ਰਹੇਗਾ। ਲੈ ਫੜ ਆਹ ਬੰਨ੍ਹ ਇਸਦੇ ਗੁੱਟ ਉਤੇ ਰੱਖੜੀ। ਫਿਰ ਉਹ ਦੀਪੇ ਵੱਲ ਆਪਣੀਆਂ ਨਜ਼ਰਾਂ ਘੁਮਾਉਂਦੀ ਹੋਈ ਇਕ ਦਮ ਬੋਲੀ- "ਹੁਣੇ ਕੱਢ ਲੈ ਪੁੱਤ ਜੇਬ 'ਚੋਂ, ਪੰਜਾਹ ਰੁਪਏ ਆਪਣੀ ਭੈਣ ਨੂੰ ਦੇਣ ਲਈ।"

**ਲੇਖਕ-ਭੀਮ ਸਿੰਘ ਗਰਚਾ**

**ਪਿੰਡ- ਰਾਏਪੁਰ ਰਾਜਪੂਤਾਂ, ਡਾਕ-ਬੀਜਾ (ਲੁਧਿਆਣਾ)**

**ਮੋ. 98143-51394**

◆◆◆

## ਵਗਾਰ

**ਮਲਕੀਤ ਦਰਦੀ**

ਮੁੱਖ ਦਫ਼ਤਰ ਵੱਲੋਂ ਸਖ਼ਤ ਹਦਾਇਤਾਂ ਆ ਗਈਆਂ ਕਿ ਡੈਮ ਮੁਕੰਮਲ ਹੋਣ ਉਪਰੰਤ ਵਾਧੂ ਬੇਲਦਾਰਾਂ ਨੂੰ ਦੂਜੇ ਮਹਿਕਮਿਆਂ 'ਚ ਹਾਜ਼ਰ ਹੋਣ ਲਈ ਤੁਰੰਤ ਫਾਰਗ ਕਰ ਦਿੱਤਾ ਜਾਵੇ। ਮੈਂ ਆਪਣੇ ਦਫ਼ਤਰ ਦੇ ਵਾਧੂ ਬੇਲਦਾਰਾਂ ਦੇ ਫਾਰਗੀ ਹੁਕਮ ਤਿਆਰ ਕਰ ਦਿੱਤੇ।

ਦੂਜੀ ਸ਼ਿਫਟ ਲਾ ਕੇ ਅਫ਼ਸਰ ਡੈਮ ਤੋਂ ਮੁੜਿਆ ਤਾਂ ਦਸਤਖ਼ਤ ਕਰਵਾਕੇ ਸਾਰੇ ਫਾਰਗੀ ਹੁਕਮ ਰਵਾਨਗੀ ਕਲਰਕ ਨੂੰ ਫੜਾ ਦਿੱਤੇ। ਰਵਾਨਗੀ ਕਲਰਕ ਨੇ ਤਿੰਨ ਆਪਣੇ ਕੋਲ ਰੱਖ ਲਏ ਅਤੇ ਚੌਥਾ ਮੈਨੂੰ ਵਾਪਸ ਮੋੜ ਦਿੱਤਾ।

"ਕਿਉਂ ਬਈ ! ਇਹਦੇ ਉਤੇ ਨੰਬਰ ਨਹੀਂ ਲਾਉਣਾ?"

"ਪ੍ਰਬੰਧਕੀ ਦਫ਼ਤਰ ਦੇ ਪੀ.ਏ. ਦਾ ਫ਼ੋਨ ਆਇਆ ਸੀ ਕਿ ਇਸ ਬੰਦੇ ਨੂੰ ਫਾਰਗ ਨਹੀਂ ਕਰਨਾ।"

"ਕਿਉਂ ਕੀ ਗੱਲ-ਕਿਉਂ ਨਹੀਂ ਫਾਰਗ ਕਰਨਾ?"

"ਇਹ ਬੰਦਾ ਉਸਦੇ ਸਾਹਿਬ ਦੀ ਕੋਠੀ ਕੰਮ ਕਰਦਾ ਹੈ।"

**ਸ਼ਾਹਪੁਰਕੰਡੀ ਟਾਊਨਸ਼ਿਪ, ਪਠਾਨਕੋਟ**

**ਮੋ. 73474-89902**

◆◆◆



# ਨਾਟਕ

## ਅਸੀਂ ਜੰਗਲ ਦੇ ਜਾਏ

**-ਸੁਖਮਿੰਦਰ ਸੇਖੋਂ**

ਜਾਨਵਰਾਂ ਦਾ ਭੁਲੇਖਾ ਸਿਰਜਦੇ ਪਾਤਰ। ਦੋ ਨੌਜਵਾਨ। ਔਰਤ ਪਾਤਰ ਲੋੜ ਅਨੁਸਾਰ।

(ਮੰਚ ਤੇ ਲੋੜ ਅਨੁਸਾਰ ਫੁੱਲ, ਪੌਦੇ, ਦਰੱਖਤ ਆਦਿ ਦਿਖਾਕੇ ਜੰਗਲ ਦਾ ਦ੍ਰਿਸ਼ ਸਿਰਿਜਆ ਜਾ ਸਕਦਾ ਹੈ। ਮੰਚ ਤੇ ਰੌਸ਼ਨੀ ਹੋਣ ਤੇ ਸਮੂਹ ਜਾਨਵਰ ਆਪੋ-ਆਪਣੀਆਂ ਹਰਕਤਾਂ ਕਰਦੇ ਨਜ਼ਰ ਆਉਂਦੇ ਹਨ। ਕੁਝ ਵਕਫ਼ੇ ਉਪਰੰਤ ਬਾਂਦਰ ਗਲ ਵਿੱਚ ਢੋਲ ਲਟਕਾਈ ਮੁਨਾਦੀ ਕਰਦਾ ਆਉਂਦਾ ਹੈ। ਸਾਰੇ ਜਾਨਵਰ ਉਸ ਨੂੰ ਧਿਆਨ ਨਾਲ ਸੁਣਨ ਲੱਗਦੇ ਹਨ।

ਬਾਂਦਰ ਜੰਗਲ ਨਿਵਾਸੀਓ, ਜੰਗਲ ਨਿਵਾਸੀਓ--ਸੁਣੋ--ਸੁਣੋ--ਸੁਣੋ--ਰਾਜਾ ਦਾ ਫਰਮਾਨ ਸੁਣੋ--ਖੋਲ੍ਹਕੇ ਕੰਨ ਧਿਆਨ ਸੁਣੋ--ਆਫਤ ਚ ਆਈ ਜਾਨ ਸੁਣੋ--

(ਬਾਂਦਰ ਮੰਚ ਤੇ ਰੱਖੇ ਇਕ ਟਾਹਣ ਉਪਰ ਖੜ੍ਹਾ ਹੋ ਜਾਂਦਾ ਹੈ)

- ਸੁਣੋ-- ਸੁਣੋ-ਸੁਣੋ-- ਧਿਆਨ ਨਾਲ ਸੁਣੋ--ਕੰਨ ਖੋਲ੍ਹਕੇ ਸੁਣੋ--ਜੰਗਲ ਦੇ ਮਹਾਰਾਜ ਸਰਦਾਰ ਬਹਾਦਰ ਬੱਬਰ ਸਿੰਘ ਜੀ ਸ਼ੇਰ ਫਰਮਾਨ ਕਰਦੇ ਹਨ ਕਿ ਜੰਗਲ ਨੂੰ ਨਹਿਰ ਦੇ ਕੁਝ ਸਾਜ਼ਿਸ਼ੀ ਅਨਸਰਾਂ ਵੱਲੋਂ ਖਤਮ ਕਰਨ ਦੇ ਉਪਰਾਲੇ ਹੋ ਰਹੇ ਹਨ। ਰੁੱਖ ਕੱਟੇ ਜਾ ਰਹੇ ਹਨ ਜੋ ਸਾਡੀ ਜਾਨ ਹਨ, ਸਾਡਾ ਈਮਾਨ ਹਨ। ਇਸੇ ਲਈ ਤਾਂ ਜੰਗਲ ਦੇ ਮਾਣਯੋਗ ਮਹਾਰਾਜਾ ਸਾਹਿਬ ਐਲਾਨ ਕਰਦੇ ਹਨ, ਆਪਣਾ ਫਰਮਾਨ ਕਰਦੇ ਹਨ ਕਿ ਕੱਲ੍ਹ ਸਵੇਰੇ ਮੂੰਹ ਹਨ੍ਹੇਰੇ ਜੰਗਲ ਦੇ ਸਮੂਹ ਜਾਨਵਰਾਂ ਦੀ ਇੱਕ ਮਹਾਂ-ਇਕੱਤਰਤਾ ਸੱਦੀ ਗਈ ਹੈ। ਸਭ ਮਾਈ-ਭਾਈ ਇਸ ਮੀਟਿੰਗ ਵਿੱਚ ਪੂਰੇ ਜ਼ੋਰ-ਸ਼ੋਰ ਨਾਲ ਸ਼ਾਮਲ ਹੋਣ ਤਾਕਿ ਜੰਗਲ ਲਈ ਬਣੀ ਇਸ ਗੰਭੀਰ ਸਮੱਸਿਆ ਦਾ ਕੋਈ ਸਮਾਧਾਨ ਸੰਭਵ ਹੋ ਸਕੇ।

(ਬਾਂਦਰ ਏਧਰ-ਓਧਰ ਟਪੂਸੀਆਂ ਮਾਰਦਾ ਹੋਇਆ ਢੋਲ ਵਜਾਉਂਦਾ ਹੈ)

ਸੁਣੋ--ਸੁਣੋ--ਸੁਣੋ--ਰਾਜਾ ਦਾ ਐਲਾਨ ਸੁਣੋ--ਰਾਜਾ ਦਾ ਫਰਮਾਨ ਸੁਣੋ--ਖੋਲ੍ਹਕੇ ਕੰਨ ਧਿਆਨ ਸੁਣੋ--

(ਬਾਂਦਰ ਢੋਲ ਵਜਾਉਂਦਾ ਹੋਇਆ ਚਲਾ ਜਾਂਦਾ ਹੈ। ਸਾਰੇ ਜਾਨਵਰ ਇੱਕ ਦੂਜੇ ਨਾਲ ਸੋਚ-ਵਿਚਾਰ ਕਰਨ ਲਗਦੇ ਹਨ। ਮੰਚ ਤੇ ਕੁਝ ਪਲ ਹਨੇਰੇ ਬਾਅਦ ਰੌਸ਼ਨੀ ਹੁੰਦੀ ਹੈ। ਜੰਗਲ ਦੇ ਮਹਾਰਾਜਾ ਬੱਬਰ ਸਿੰਘ ਦਾ ਦਰਬਾਰ ਸਜਿਆ ਹੋਇਆ ਹੈ। ਸਾਰੇ ਜਾਨਵਰ ਮੌਜੂਦ ਹਨ। ਦੋ ਸੁੰਦਰ ਔਰਤਾਂ ਉਸਨੂੰ ਪੱਖਿਆਂ ਨਾਲ ਝੱਲ ਮਾਰ ਰਹੀਆਂ ਹਨ। ਇੱਕ ਲੜਕੀ ਕਾਪੀ, ਪੈਨਸਿਲ ਲੈ ਕੇ ਖੜ੍ਹੀ ਹੈ। ਇਹ ਤਿੰਨੋਂ ਔਰਤਾਂ ਬਗੈਰ ਮਖੌਟਿਆਂ ਤੋਂ ਹਨ।)

ਬੱਬਰ ਸ਼ੇਰ (ਗਰਜਕੇ) ਇਕੱਤਰ ਹੋਏ ਜੰਗਲੀਸਤਾਨ ਦੇ ਨਿਵਾਸੀਓ, ਤੁਹਾਨੂੰ ਇਹ ਤਾਂ ਭਲੀ ਪ੍ਰਕਾਰ ਖਬਰ ਹੋ ਈ ਗਈ ਹੋਵੇਗੀ ਕਿ ਅੱਜ ਦੀ ਇਹ ਮਹਾਂ-ਇਕੱਤਰਤਾ ਕਿਉਂ ਸੱਦੀ ਗਈ ਹੈ। ਫੇਰ ਵੀ ਮੈਂ ਤੁਹਾਨੂੰ ਦੱਸ ਦੇਣਾ ਆਪਣਾ ਫਰਜ਼ ਸਮਝਦਾ ਹਾਂ ਕਿ ਮਨੁੱਖੀਸਤਾਨ ਦੇ ਕੁਝ ਸ਼ੈਤਾਨ ਸਾਡੇ ਪਿਆਰੇ ਜੰਗਲ ਦੇਸ ਦੇ ਦੁਸ਼ਮਣ ਹੋ ਗਏ ਹਨ। ਉਹ ਸਾਡੇ ਜੰਗਲ ਦਾ ਬੀਜ ਨਾਸ ਕਰਨ ਲਈ ਸਾਡੇ ਦਰੱਖਤਾਂ, ਬੂਟਿਆਂ, ਫੁੱਲਾਂ, ਫੁੱਲਾਂ ਨੂੰ ਕਤਲ ਕਰਨ ਤੇ ਤੁਲੇ ਹੋਏ ਹਨ। ਜੇ ਇਵੇਂ ਹੀ ਚਲਦਾ ਰਿਹਾ ਤਾਂ ਇੱਕ ਦਿਨ ਸਾਡੇ ਜੰਗਲ ਦੇਸ਼ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਜਾਵੇਗਾ ਅਤੇ ਅਸੀ ਜੰਗਲਹੀਣ ਹੋ ਜਾਵਾਂਗੇ। ਜੇਕਰ ਇਹੋ ਅਮਲ ਜਾਰੀ ਰਿਹਾ ਤਾਂ ਅਸੀਂ ਸਾਰੇ ਉਜੜ ਜਾਵਾਂਗੇ, ਬਰਬਾਦ ਹੋ ਜਾਵਾਂਗੇ। ਇਸ ਲਈ ਇਸ ਗੰਭੀਰ ਮਸਲੇ ਦਾ ਹੱਲ ਜਲਦੀ ਹੀ ਕੱਢਣਾ ਹੋਵੇਗਾ ਤਾਂ ਕਿ ਆਪਣੇ ਵਤਨ ਨੂੰ ਮਨੁੱਖੀਸਤਾਨ ਦੇ ਸ਼ੈਤਾਨਾਂ ਤੋਂ ਬਚਾਇਆ ਜਾ ਸਕੇ।

(ਮਹਾਰਾਜਾ ਸ਼ੇਰ ਸਾਹਿਬ ਜੰਗਲ ਦੇ ਸਮੂਹ ਜਾਨਵਰਾਂ ਦੇ ਆਗੂਆਂ ਤੇ ਪ੍ਰਤੀਨਿਧਾਂ ਵੱਲ ਚਿੰਤਤ ਹੋਏ ਝਾਕਦੇ ਹਨ)

ਬੱਬਰ ਸ਼ੇਰ ਇਸ ਲਈ ਪਿਆਰੇ ਸਾਥੀਓ, ਆਪਾਂ ਸਾਰੇ ਗਿਲੇ ਸ਼ਿਕਵੇ ਭੁਲਾਕੇ ਇਸ ਗੰਭੀਰ ਸਮੱਸਿਆ ਬਾਰੇ ਸ਼ਿੱਦਤ ਨਾਲ ਵਿਚਾਰ ਕਰੀਏ ਤਾਂ ਕਿ ਸਾਡੇ ਜਾਨ ਤੋਂ ਵੱਧ ਪਿਆਰੇ ਜੰਗਲ ਰਾਜ ਨੂੰ ਕਿਸੇ ਵੀ ਸੰਭਵ ਤਰੀਕੇ ਨਾਲ ਬਚਾਇਆ ਜਾ ਸਕੇ। ਸਾਨੂੰ ਸਾਡੇ ਦੇਸ਼ ਭਗਤਾਂ ਦੀਆਂ ਸ਼ਹੀਦੀਆਂ ਤੇ ਮਹਾਨ ਕੁਰਬਾਨੀਆਂ ਨੂੰ ਚੇਤੇ ਰੱਖਣਾ ਹੋਵੇਗਾ। ਦੇਸ਼ ਭਗਤੀ ਤੇ ਸ਼ਹਾਦਤ ਦੇ ਨਗਮੇ ਗੁੰਜਾਕੇ ਹਰ ਛੋਟੇ-ਵੱਡੇ ਜਾਨਵਰ ਦੇ ਦਿਲ ਵਿਚ ਇਹ ਜਜ਼ਬਾ ਭਰਨਾ ਹੋਵੇਗਾ ਕਿ ਉਹ ਆਪਣੇ ਵਤਨ ਦੀ ਰਾਖੀ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦੇਣ ਤੇ ਦੁਸ਼ਮਣ ਦੀ ਹਰ ਗੁੱਝੀ ਚਾਲ ਨੂੰ ਨਾਕਾਮ ਬਣਾ ਦੇਣ।

ਪਿਆਰੇ ਦੋਸਤੋ, ਇਸ ਗੰਭੀਰ ਚੁਣੌਤੀ ਦਾ ਸਾਹਮਣਾ ਕਰਨ ਲਈ ਆਪਾਂ ਨੂੰ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਇਸ ਸਬੰਧੀ ਮੈਂ ਸਮੂਹ ਇਕੱਤਰ ਆਗੂਆਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਦੇ ਸੁਝਾਅ ਲੈਣਾ ਚਾਹਵਾਂਗਾ। ਸਭ ਤ ਪੈਲ੍ਹਾਂ ਹਾਥੀ ਸਾਬ੍ਹ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਬਹੁਮੁੱਲੀ ਰਾਏ ਸਾਡੇ ਸਾਰਿਆਂ ਦੇ ਸਨਮੁੱਖ ਪੇਸ਼ ਕਰਨ, ਕਿਉਂਕਿ ਉਨ੍ਹਾਂ ਦੇ ਕਈ ਸਾਥੀ ਮਨੁੱਖੀਸਤਾਨ ਦਾ ਅਕਸਰ ਦੌਰਾ ਕਰਦੇ ਰਹਿੰਦੇ ਹਨ ਤੇ ਉਨ੍ਹਾਂ ਦੀ ਬਿਰਾਦਰੀ ਦੇ ਕਈ ਹਾਥੀ ਸਾਹਿਬਾਨ ਮਨੁੱਖ ਜਾਤੀ ਦੇ ਵਫਾਦਾਰ ਸਾਥੀ ਵੀ ਹਨ। ਜਨਾਬ ਹਾਥੀ ਸਾਹਿਬ ਜੀ--

(ਹਾਥੀ ਆਪਣੀ ਮਸਤ-ਚਾਲ ਮੰਚ ਤੇ ਆਉਂਦਾ ਹੈ। ਦੂਸਰੇ ਜਾਨਵਰ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕਰਦੇ ਹਨ)

ਹਾਥੀ ਜੈ ਜੰਗਲੀਸਤਾਨ, ਮੈਂ ਇਸ ਇਕੱਤਰਤਾ ਦੇ ਸਭਾਪਤੀ ਸਰਦਾਰ ਬੱਬਰ ਸਿੰਘ ਜੀ ਦੀ ਆਗਿਆ ਨਾਲ ਆਪਣੇ ਤੁੱਛ ਸੁਝਾਅ ਹਾਜ਼ਰੀਨ ਅੱਗੇ ਰੱਖਾਂਗਾ। ਮੇਰਾ ਵਿਚਾਰ ਹੈ ਕਿ ਬੇਸ਼ੱਕ ਅਸੀਂ ਜੰਗਲ-ਨਿਵਾਸੀ ਵੱਖ-ਵੱਖ ਬਿਰਾਦਰੀਆਂ ਨਾਲ ਸਬੰਧਤ ਹਾਂ, ਮਸਲਨ



ਸ਼ੇਰ,ਚੀਤਾ,ਗਿੱਦੜ, ਲੂੰਬੜ, ਗੈਂਡਾ,ਖਰਗੋਸ਼ ਵਗੈਰਾ ਵਗੈਰਾ। ਸਾਡੇ ਵਿੱਚ ਕੁਝ ਊਣਤਾਈਆਂ ਵੀ ਹੋਣਗੀਆਂ। ਅਸੀਂ ਇੱਕ ਦੂਜੇ ਦਾ ਸ਼ਿਕਾਰ ਵੀ ਕਰਦੇ ਹੋਵਾਂਗੇ, ਪਰ ਅਸੀਂ ਇਕ ਦੂਸਰੇ ਨੂੰ ਨਫ਼ਰਤ ਕਦੇ ਨਹੀਂ ਕਰਦੇ। ਇਹ ਮੇਰਾ ਦਾਅਵਾ ਜੇ ਦੋਸਤੋ। (ਤਾੜੀਆਂ)

ਮੈਨੂੰ ਵਿਸ਼ਵਾਸ ਹੈ ਕਿ ਮਨੁੱਖੀਸਤਾਨ ਵੱਲੋਂ ਹੋ ਰਹੇ ਹਮਲਿਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਦੀ ਬਜਾਏ ਸਾਨੂੰ ਗੱਲਬਾਤ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ। ਕਿਉਂਕਿ ਦੁਨੀਆਂ ਦੇ ਤਮਾਮ ਮਸਲਾਤ ਅਖੀਰ ਨੂੰ ਗੱਲਬਾਤ ਦੀ ਟੇਬਲ ਰਸਤੇ ਹੀ ਹੱਲ ਹੁੰਦੇ ਆਏ ਨੇ। ਉਂਜ ਵੀ ਸਾਡੀ ਮਨੁੱਖ ਜਾਤੀ ਨਾਲ ਕੋਈ ਦੁਸ਼ਮਣੀ ਨਹੀਂ। ਜੇ ਅਸੀਂ ਮਨੁੱਖੀਸਤਾਨ ਦੀ ਸਰਕਾਰ ਨੂੰ ਗੱਲਬਾਤ ਦੀ ਅਪੀਲ ਕਰਾਂਗੇ ਤਾਂ ਮੈਨੂੰ ਉਮੀਦ ਹੈ ਕਿ ਉਹ ਜ਼ਰੂਰ ਪਰਵਾਨ ਕਰਨਗੇ।

(ਜਾਨਵਰਾਂ ਵਿੱਚ ਘੁਸਰ ਮੁਸਰ ਹੋਣ ਲਗਦੀ ਹੈ)

ਸ਼ੇਰ ਨਹੀਂ ਬਿਲਕੁਲ ਨਹੀਂ--ਮੈਂ ਹਾਥੀ ਸਾਬ੍ਹ ਦੀ ਇਸ ਦਲੀਲ ਨਾਲ ਉਕਾ ਈ ਸਹਿਮਤ ਨਹੀਂ ਕਿ ਮਨੁੱਖੀਸਤਾਨ ਦੀ ਸਰਕਾਰ ਕੋਲ ਸਾਡੀ ਸੁਰੱਖਿਆ ਦੀ ਕੋਈ ਗਰੰਟੀ ਹੈ। ਉਹ ਕਦੇ ਵੀ ਸਾਡੀ ਅਪੀਲ ਦਾ ਹੁੰਗਾਰਾ ਨਹੀਂ ਭਰਨਗੇ। ਕਿਉਂਕਿ ਮਨੁੱਖ ਬਹੁਤ ਚਾਲਾਕ ਹੁੰਦੇ ਹਨ, ਉਹ ਅਗਰ ਸਾਨੂੰ ਗੱਲਬਾਤ ਲਈ ਸੱਦਾ ਦੇ ਵੀ ਦੇਣਗੇ ਤਾਂ ਵੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਉਹ ਸਾਨੂੰ ਸੁਰੱਖਿਆ ਵੀ ਪ੍ਰਦਾਨ ਕਰਨਗੇ। ਕਿਤੇ ਅਜਿਹਾ ਨਾ ਹੋਵੇ ਕਿ ਉਹ ਗੱਲਬਾਤ ਦੇ ਨਾਉਂ ਤੇ ਸਾਡੇ ਸ਼ਾਂਤੀ-ਦੂਤਾਂ ਨੂੰ ਗ੍ਰਿਫਤਾਰ ਕਰ ਲੈਣ ਤੇ ਆਪਣੀ ਮਨੁੱਖੀ ਸਭਿਅਤਾ ਯਕੀਨੀ ਬਣਾਉਣ ਲਈ ਆਪਣੇ ਸੰਵਿਧਾਨਕ ਡੰਡੇ ਦੇ ਜ਼ੋਰ ਤੇ ਕੋਈ ਸਬਕ ਪੜ੍ਹਾਉਣ ਲੱਗ ਜਾਣ?

ਬਾਂਦਰ ਮੈਂ ਸ਼ੇਰ ਸਾਹਿਬ ਜੀ ਦੇ ਵਿਚਾਰਾਂ ਨਾਲ ਹੰਡਰਡ ਪਰਸੈਂਟ ਸਹਿਮਤ ਹਾਂ ਕਿਉਂਕਿ ਮੈਨੂੰ ਨਿਜੀ ਤਜਰਬਾ ਹੈ ਕਿ ਮਨੁੱਖੀਸਤਾਨ ਦੇ ਮਨੁੱਖ ਸਾਡੇ ਕਿਸੇ ਵੀ ਤਰ੍ਹਾਂ ਮਿੱਤਰ ਨਹੀਂ, ਬਲਕਿ ਕੱਟੜ ਦੁਸ਼ਮਣ ਹਨ, ਉਹ ਬਾਂਦਰ ਜਾਤੀ ਨੂੰ ਤਾਂ ਆਪਣੇ ਹੀ ਵਡੇਰੇ ਆਖਕੇ ਸਾਡੇ ਵਿੱਚ ਅਕਸਰ ਹੀਣ ਭਾਵ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਕੁਝ ਜਾਨਵਰ ਇਕੱਠੇ -- ਹਾਂ ਹਾਂ ਰਾਜਾ ਸਾਬ੍ਹ-- ਹਾਂ ਹਾਂ ਰਾਜਾ ਸਾਹਿਬ, ਮਨੁੱਖ ਜਾਤੀ ਜਾਂ ਉਨ੍ਹਾਂ ਦੀ ਸਰਕਾਰ ਨਾਲ ਗੱਲਬਾਤ ਕਰਨ ਦਾ ਕੋਈ ਫਾਇਦਾ ਨਹੀਂ। ਮਨੁੱਖ ਸਾਡੀ ਸਮੁੱਚੀ ਜਾਨਵਰ ਜਾਤੀ ਦੇ ਹਮੇਸ਼ਾ ਹੀ ਦੁਸ਼ਮਣ ਰਹੇ ਹਨ।

(ਜਾਨਵਰ ਚੀਕ ਚਿਹਾੜਾ ਤੇ ਸ਼ੋਰ ਸ਼ਰਾਬਾ ਪਾਉਣ ਲਗਦੇ ਹਨ, ਪਰ ਬੱਬਰ ਸ਼ੇਰ ਸਾਰਿਆਂ ਨੂੰ ਗਰਜਕੇ ਤੇ ਦਹਾੜਕੇ ਚੁੱਪ ਕਰਾ ਦਿੰਦਾ ਹੈ।)

ਬੱਬਰ ਸ਼ੇਰ ਏਸ ਤਰ੍ਹਾਂ ਹਫੜਾ-ਦਫੜੀ ਮਚਾਉਣ ਨਾਲ ਕੁਝ ਵੀ ਹਾਸਲ ਨਹੀਂ ਹੋਵੇਗਾ। ਏਸ ਜੰਗਲ ਵਿੱਚ ਸਭਨਾਂ ਨੂੰ ਬਰਾਬਰ ਅਧਿਕਾਰ ਹਨ, ਸਾਰਿਆਂ ਨੂੰ ਹੀ ਬਰਾਬਰ ਦਾ ਮੌਕਾ ਮਿਲੇਗਾ। ਜੇਕਰ ਸਹਿਮਤੀ ਨਾ ਬਣੀ ਤਾਂ ਮੈਂ ਇਕੱਲਿਆਂ ਹੀ ਕੋਈ ਫੈਸਲਾ ਲੈ ਲਵਾਂਗਾ।

ਹਾਲਾਕਿ ਅਜਿਹਾ ਮੈਂ ਪਹਿਲੋਂ ਵੀ ਕਰ ਸਕਦਾ ਸੀ, ਪ੍ਰੰਤੂ ਮੈਂ ਸਮੁੱਚੇ ਜੰਗਲ ਦੇ ਆਗੂਆਂ ਤੇ ਨੁਮਾਇੰਦਿਆਂ ਦੇ ਸੁਝਾਅ ਲੈਣ ਨੂੰ ਪਹਿਲ ਦਿੱਤੀ। ਕਿਉਂਕਿ ਸਾਨੂੰ ਸਾਰਿਆਂ ਨੂੰ ਬਰਾਬਰੀ ਦੇ ਹੱਕ ਹਨ ਤੇ ਅਸੀਂ ਇੱਕ ਨਿਯਮਤ ਤੇ ਯੋਜਨਾਬੱਧ ਸਰਕਾਰਾਂ ਸਦੀਆਂ ਤੋਂ ਚਲਾਉਂਦੇ ਆ ਰਹੇ ਹਾਂ। ਹੁਣ ਵੀ ਅਸੀਂ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਆਪਣੀ ਪ੍ਰਤੀਬੱਧਤਾ ਦਾ ਸਬੂਤ ਦੇਵਾਂਗੇ। (ਹਾਥੀ ਨੂੰ ਸੰਬੋਧਨ ਹੁੰਦਿਆਂ) ਹਾਥੀ ਸਾਬ੍ਹ ਤੁਸੀਂ ਆਪਣੀ ਗੱਲਬਾਤ ਜਾਰੀ ਰੱਖੋ--

ਹਾਥੀ (ਨਿਮਰਤਾ ਸਹਿਤ) ਮੈਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੈ ਕਿ ਸਾਡੇ ਮਹਾਰਾਜਾ ਸਾਹਿਬ ਅਨੇਕ ਸ਼ਕਤੀਆਂ ਦੇ ਬਾਵਜੂਦ ਬਹੁਸੰਮਤੀ ਦੇ ਦਿਲੀ ਇਛੁੱਕ ਹਨ ,ਜਿਸਦੀ ਤਾਜ਼ਾ ਉਦਾਹਰਣ ਅੱਜ ਦੀ ਸਰਬ ਪਾਰਟੀ ਮੀਟਿੰਗ ਹੈ ਜੋ ਉਨ੍ਹਾਂ ਦੀ ਫਿਰਾਖਦਿਲੀ ਦੀ ਪ੍ਰਤੀਕ ਹੈ।

-ਪਰ ਮੈਂ ਹੁਣ ਹੋਰ ਕੁਝ ਨਹੀ ਬੋਲਣਾ ਚਾਹੁੰਦਾ। ਕਿਉਂਕਿ ਮੈਂ ਆਪਣੇ ਵਿਚਾਰਾਂ ਤੋਂ ਪਹਿਲਾਂ ਹੀ ਤੁਹਾਨੂੰ ਜਾਣੂੰ ਕਰਵਾ ਚੁੱਕਾ ਹਾਂ। ਹੋਰਨਾ ਨੂੰ ਵੀ ਆਪਣੇ ਵਿਚਾਰ ਰੱਖਣ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ। ਜੈ ਜੰਗਲੀ ਸਤਾਨ--

(ਸਾਰੇ ਜਾਨਵਰ ਜੈ ਜੰਗਲੀਸਤਾਨ ਦਾ ਨਾਅਰਾ ਲਗਾਉਂਦੇ ਹਨ)

ਬੱਬਰ ਸ਼ੇਰ ਤੁਸੀਂ ਸਾਰਿਆਂ ਨੇ ਹਾਥੀ ਸਾਹਿਬ ਦੇ ਅਮਨ-ਸ਼ਾਂਤੀ ਵਾਲੇ ਵਿਚਾਰ ਸੁਣੇ। ਹੁਣ ਮੈਂ ਇਸ ਜੰਗਲ ਦੇਸ਼ ਦੇ ਖਾੜਕੂ ਨੇਤਾ ਸ਼ੇਰ ਖਾਨ ਜੀ ਨੂੰ ਗੁਜਾਰਿਸ਼ ਕਰਾਂਗਾ ਕਿ ਉਹ ਆਪਣੇ ਖਾੜਕੂ ਇਰਾਦਿਆਂ ਬਾਰੇ ਸਮੂਹ ਇਕੱਤਰਤਾ ਨੂੰ ਜਾਣੂੰ ਕਰਵਾਉਣ। ਸਰਦਾਰ ਸ਼ੇਰ ਖਾਨ ਜੀ-

(ਜ਼ੋਰਦਾਰ ਤਾੜੀਆਂ ਵੱਜਦੀਆਂ ਹਨ। ਸ਼ੇਰ ਸਾਬ੍ਹ ਜ਼ਿੰਦਾਬਾਦ ਦੇ ਨਾਅਰੇ ਲੱਗਦੇ ਹਨ)

ਸ਼ੇਰ (ਗਰਜਕੇ) ਇਸ ਜੰਗਲ ਦੇ ਮਹਾਰਾਜਾ ਸਰਦਾਰ ਬੱਬਰ ਸਿੰਘ ਜੀ ਸ਼ੇਰ ਨੂੰ ਮੇਰਾ ਜੁਝਾਰੂ ਸਲਾਮ (ਦਹਾੜਕੇ) ਜੰਗਲੀ ਭਰਾਵੋ ਤੇ ਭੈਣੋ, ਹਾਥੀ ਸਾਹਿਬ ਦੀ ਮੈਂ ਦਿਲੀ ਕਦਰ ਕਰਦਾ ਹਾਂ ਕਿ ਉਹ ਇਸ ਜੰਗਲ ਦੇ ਵੱਡ-ਅਕਾਰੀ ਜਾਨਵਰ ਹਨ। ਇਨ੍ਹਾਂ ਸਾਹਮਣੇ ਵੱਡ ਵੱਡੇ ਜ਼ੋਰਾਵਰ ਤੇ ਭਲਵਾਨ ਵੀ ਖੜ੍ਹ ਨਹੀਂ ਸਕਦੇ। ਪਰ ਮੈਨੂੰ ਇਨ੍ਹਾਂ ਦੇ ਸੰਧੀ ਜਾਂ ਸ਼ਾਂਤੀ ਪ੍ਰਸਤਾਵ ਤੇ ਇਤਰਾਜ਼ ਹੈ। ਕਿਉਂਕਿ ਮਨੁੱਖ ਜਾਤੀ ਸਾਡੇ ਤੇ ਲੰਬੇ ਅਰਸੇ ਤੋਂ ਅਤਿਆਚਾਰ ਕਰਦੀ ਆ ਰਹੀ ਹੈ। ਸਾਡੀ ਕਿਸੇ ਵੀ ਅਪੀਲ ਤੇ ਦਲੀਲ ਨੂੰ ਉਨ੍ਹਾਂ ਹਮੇਸ਼ਾ ਰੱਦ ਈ ਕੀਤਾ ਹੈ,ਬੇਸ਼ਕ ਇਤਿਹਾਸ ਦੇ ਵਰਕੇ ਫਰੋਲਕੇ ਵੇਖ ਲਵੋ, ਹਕੀਕਤ ਸਾਹਮਣੇ ਆ ਜਾਵੇਗੀ। ਦਰਅਸਲ ਮਨੁੱਖ ਹਮੇਸ਼ਾ ਆਪਣੀਆਂ ਦਿਮਾਗੀ ਘੁਣਤਰਾਂ ਨਾਲ ਸਾਡੀ ਜਾਨਵਰ-ਜਾਤੀ ਦਾ ਵਿਨਾਸ਼ ਹੀ ਕਰਦਾ ਆਇਆ ਹੈ ਤੇ ਹੁਣ ਸਾਡੇ ਪੌਦੇ, ਬਿਰਖਾਂ ਨੂੰ ਵੀ ਛਾਂਗਣ, ਕੱਟਣ ਤੇ ਉਤਾਰੂ ਹੋ ਗਿਐ--?

ਸਾਥੀਓ, ਅਸੀਂ ਆਪਣੀ ਜਾਨਵਰ ਜਾਤੀ ਖੁਦ ਆਪਣੀਆਂ ਫੌਜਾਂ ਤਿਆਰ ਕਰਾਂਗੇ ਤੇ ਦੁਸ਼ਮਣ ਨੂੰ ਕਰਾਰੀ ਹਾਰ ਦੇਵਾਂਗੇ। ਸਮੂਹ ਜਾਨਵਰ ਏਕਤਾ ਸ਼ਕਤੀ ਜ਼ਿੰਦਾਬਾਦ।



(ਜ਼ਿੰਦਾਬਾਦ-ਜ਼ਿੰਦਾਬਾਦ ਦੇ ਭਰਵੇਂ ਨਾਅਰੇ ਲੱਗਦੇ ਹਨ)

ਮੇਰੀ ਮਹਾਰਾਜਾ ਸ਼ੇਰ ਸਿੰਘ ਜੀ ਅੱਗੇ ਪੁਰਜ਼ੋਰ ਅਪੀਲ ਹੈ ਕਿ ਉਹ ਮੈਨੂੰ, ਹਾਥੀ ਸਾਹਿਬ ਨੂੰ ਜਾਂ ਕਿਸੇ ਹੋਰ ਸਿੰਘ ਸ਼ੇਰ ਨੂੰ ਜੰਗਲ ਦੇ ਸਮੂਹ ਜਾਨਵਰਾਂ ਵਿੱਚ ਏਕਤਾ ਕਰਨ ਲਈ ਆਦੇਸ਼ ਦੇਣ ਤੇ ਮਨੁੱਖ ਜਾਤੀ ਵਾਂਗ ਫੌਜਾਂ ਦੇ ਜਰਨੈਲ ਥਾਪਣ ਦੀ ਆਗਿਆ ਵੀ ਦੇਣ। ਜਿੱਤ ਸ਼ਰਤੀਆ ਸਾਡੇ ਕਦਮ ਚੁੰਮੇਗੀ।

(ਤਾੜੀਆਂ-ਦਰ-ਤਾੜੀਆਂ ਅਤੇ ਨਾਅਰੇ)

ਸ਼ੇਰ ਮੇਰੀ ਹੋਰਨਾ ਸ਼ੇਰ ਸਾਥੀਆਂ, ਖਾੜਕੂ ਚੀਤਾ ਸਾਹਿਬ ਅਤੇ ਹੋਰ ਮਹਾਂਬਲੀ ਜਾਨਵਰਾਂ ਨਾਲ ਗੱਲਬਾਤ ਹੁੰਦੀ ਰਹਿੰਦੀ ਹੈ, ਉਹ ਵੀ ਇੱਕ ਮਹਾਂ-ਫੌਜ ਬਣਾਉਣ ਲਈ ਹੀ ਹਮੇਸ਼ਾ ਤਜਵੀਜ਼ ਰੱਖਦੇ ਆਏ ਹਨ। ਹੁਣ ਨਹੀਂ ਤਾਂ ਕਦੋਂ? ਮਨੁੱਖੀਸਤਾਨ ਦੇ ਜ਼ੁਲਮਾਂ ਦੀ ਇੰਤਹਾ ਹੋ ਚੁੱਕੀ ਹੈ, ਇਸ ਈ ਸਾਨੂੰ ਉਨ੍ਹਾਂ ਦੇ ਛੜਯੰਤਰਾਂ ਦੇ ਖਿਲਾਫ ਨਵੀਂ ਰਣਨੀਤੀ ਤਹਿ ਕਰਨੀ ਹੀ ਹੋਵੇਗੀ।

ਬਾਂਦਰ ਪਰ ਇਸ ਲਈ ਸਾਨੂੰ ਹਰ ਇੱਕ ਛੋਟੇ ਵੱਡੇ ਜਾਨਵਰ ਸਾਥੀਆਂ ਦੀ ਰਾਇ ਤੇ ਸੁਝਾਵਾਂ ਦੀ ਜ਼ਰੂਰਤ ਹੈ। ਚੂੰਕਿ ਮਨੁੱਖ ਕੋਲ ਅਥਾਹ ਸ਼ਕਤੀਆਂ ਹਨ। ਸਭ ਤੋਂ ਵਧੇਰੇ ਚਿੰਤਾ ਦੀ ਬਾਤ ਇਹ ਕਿ ਉਨ੍ਹਾਂ ਕੋਲ ਕਮਬਖਤ ਦਿਮਾਗ ਹੈ। ਉਹ ਆਪਣੀ ਇਸੇ ਤਾਕਤ ਦਾ ਪ੍ਰਯੋਗ ਕਰਦਾ ਹੋਇਆ ਸਾਡੇ ਨੇਕ-ਇਰਾਦਿਆਂ ਨੂੰ ਕੁਚਲ ਕੇ ਰੱਖ ਦੇਵੇਗਾ।

ਰਿੱਛ ਹਾਂਅ, ਮੈਂ ਜਨਾਬ ਬਾਂਦਰ ਜੀ ਦੇ ਸੁਜੈਸ਼ਨ ਨਾਲ ਸਹਿਮਤ ਹਾਂ ਕਿ ਸਾਰੀ ਜਾਨਵਰ ਕੌਮ ਦੀ ਆਮ ਸਹਿਮਤੀ ਅਤਿ ਜ਼ਰੂਰੀ ਹੈ, ਕਿਉਂਕਿ ਮਨੁੱਖ ਕੋਲ ਅਤਿ-ਆਧੁਨਿਕ ਹਥਿਆਰ ਹਨ, ਉਸ ਕੋਲ ਹਥਿਆਰਾਂ ਤੇ ਬੰਬਾਂ ਦੇ ਭੰਡਾਰ ਹਨ।

ਲੂੰਬੜੀ ਹਾਂ ਇਹੀਓ ਤਾਂ ਸੋਚਣੇ ਵਾਲੀ ਗੱਲ ਏ ਕਿਉਂਕਿ ਮਨੁੱਖ ਏਡਾ ਸ਼ਾਤਰ ਸ਼ਿਕਾਰੀ ਹੈ ਕਿ ਕਿਸੇ ਵੀ ਸਿੱਧੇ-ਅਸਿੱਧੇ ਢੰਗ-ਤਰੀਕੇ ਨਾਲ ਸਾਡਾ ਸ਼ਿਕਾਰ ਆਸਾਨੀ ਨਾਲ ਕਰਨ ਦੇ ਸਮਰੱਥ ਏ। ਇਸ ਲਈ ਸਾਨੂੰ ਬਹੁਤ ਹੀ ਹੁਸ਼ਿਆਰੀ ਤੋਂ ਕੰਮ ਲੈਣਾ ਹੋਵੇਗਾ।

ਚੀਤਾ ਮੈਨੂੰ ਲੱਗਦੈ ਮਹਾਰਾਜਾ ਸਾਹਿਬ ਨੇ ਆਪਣੇ ਦਰਬਾਰ ਵਿਚ ਕਮਜ਼ੋਰ ਦਿਲ ਜਾਨਵਰਾਂ ਨੂੰ ਬੁਲਾਇਆ ਹੈ, ਜੋ ਡਰਪੋਕ ਹੀ ਨਹੀ ਬੁਜ਼ਦਿਲ ਵੀ ਨੇ। ਭਲਾ ਇਨ੍ਹਾਂ ਨੂੰ ਕੋਈ ਪੁੱਛੇ ਕਿ ਸ਼ੇਰ ਸਾਹਿਬ, ਹਾਥੀ ਜੀ, ਗੈਂਡਾ ਜੀ, ਬਘਿਆੜਾਂ ਵਰਗੇ ਮਹਾਂ ਯੋਧਿਆਂ ਦੇ ਹੁੰਦੇ ਕਿਸ ਗੱਲ ਦੀ ਚਿੰਤਾ, ਕਿਹੜੀ ਗੱਲੋਂ ਫਿਕਰ? ਕਾਹਦਾ ਡਰ ਤੇ ਕਾਹਦਾ ਖੌਫ਼?

ਗੈਂਡਾ ਜੀ ਹਾਂ ਪ੍ਰਧਾਨ ਜੀ ਸਾਨੂੰ ਇਨ੍ਹਾਂ ਮਨੁੱਖਾਂ ਤੋਂ ਉਕਾ ਈ ਡਰਨ ਦੀ ਕੋਈ ਲੋੜ ਨਹੀ। ਜਦੋਂ ਸਾਡੇ ਮਹਾਂ ਯੋਧਿਆਂ ਨੇ ਇਨ੍ਹਾਂ ਤੇ ਪੰਜਿਆਂ, ਦੰਦਾਂ ਤੇ ਸਿੰਗਾਂ ਨਾਲ ਵਾਰ ਕੀਤਾ ਤਾ ਇਨ੍ਹਾਂ ਨੂੰ ਭੱਜਣ ਲਈ ਰਸਤਾ ਨਹੀਂ ਥਿਆਉਣਾ। ਹੁਣ ਵੇਲਾ ਆ ਗਿਐ ਇਨ੍ਹਾਂ ਸਿਰ ਫਿਰੇ ਬੰਦਿਆਂ ਨਾਲ ਟੱਕਰ ਲੈਣ ਦਾ। ਠੀਕੈ, ਕੁਝ ਇੱਕ ਮਨੁੱਖ ਭਲੀ ਸੋਚ ਦੇ ਮਾਲਕ ਵੀ ਹੋਣਗੇ, ਪ੍ਰੰਤੂ ਜ਼ਿਆਦਾਤਰ ਮਨੁੱਖ ਸਾਡੀ ਜਾਨਵਰ ਜਾਤੀ ਦੇ ਵੈਰੀ ਨੇ ਤੇ ਹਮੇਸ਼ਾ ਹੀ ਸਾਡੀਆਂ ਖੁਸ਼ੀਆਂ ਨੂੰ ਖਤਮ ਕਰਨ ਤੇ ਤੁਲੇ ਰਹਿੰਦੇ ਨੇ। ਇਨ੍ਹਾਂ ਵਿਨਾਕਾਰੀਆਂ ਤੇ

ਦਮਨਕਾਰੀਆਂ ਵਿਰੁੱਧ ਜੰਗ ਦਾ ਐਲਾਨ ਹੀ ਸਮੇਂ ਦੀ ਵੱਡੀ ਮੰਗ ਹੈ।

ਬੱਬਰ ਸ਼ੇਰ ਮੈਂ ਤੁਹਾਡੇ ਮਹਾਂ-ਜਾਨਵਰਾਂ ਦੇ ਵਿਚਾਰ ਬਹੁਤ ਧਿਆਨ ਨਾਲ ਸੁਣੇ ਹਨ। ਪਰ ਸਾਨੂੰ ਨਿੱਕੇ ਤੇ ਕਮਸਿਨ ਜਾਨਵਰਾਂ ਨੂੰ ਵੀ ਭਰੋਸੇ ਵਿੱਚ ਲੈਣਾ ਹੋਵੇਗਾ, ਕਿਉਂਕਿ ਉਨ੍ਹਾਂ ਦਾ ਵੀ ਇਸ ਜੰਗਲ ਦੇਸ਼ ਵਿੱਚ ਉਤਨਾ ਈ ਹੱਕ ਹੈ, ਜਿੰਨਾ ਵੱਡਿਆਂ ਦਾ। ਏਸ ਲਈ ਮੈਂ ਲੂੰਬੜੀ ਜੀ ਤੇ ਬਾਂਦਰ ਜੀ ਵਾਂਗ ਸਹਿਮੇ ਬੈਠੇ ਗਿੱਦੜ ਜੀ ਤੇ ਖਰਗੋਸ਼ ਜੀ ਨੂੰ ਵੀ ਆਪਣੇ ਵਿਚਾਰ ਬਿਨ੍ਹਾਂ ਝਿਝਕ ਤੇ ਖੁੱਲ੍ਹਦਿਲੀ ਨਾਲ ਪ੍ਰਗਟ ਕਰਨ ਲਈ ਗੁਜਾਰਿਸ਼ ਕਰਾਂਗਾ। ਸ਼੍ਰੀ ਗਿੱਦੜ ਜੀ--

(ਗਿੱਦੜ ਡਰਦਾ ਡਰਦਾ ਮੰਚ ਤੇ ਆਉਂਦਾ ਹੈ। ਉਸਦੀਆਂ ਲੱਤਾਂ ਕੰਬ ਰਹੀਆਂ ਹਨ। ਦੂਜੇ ਜਾਨਵਰ ਮਜ਼ਾਕ ਨਾਲ ਹੱਸਦੇ ਹਨ। ਤਾੜੀਆਂ ਵੀ ਵੱਜਦੀਆਂ ਹਨ)

ਗਿੱਦੜ ਮਹਾਂਰਥੀਓ ਤੇ ਮਹਾਂਵੀਰੋ, ਮੈਂ ਭਲਾ ਇਸ ਮਹਾਂ-ਸਭਾ ਵਿਚ ਮੌਜੂਦ ਵੱਡੇ ਵੱਡੇ ਤੇ ਮਹਾਨ ਯੋਧਿਆਂ ਦੀ ਹਾਜ਼ਰੀ ਵਿੱਚ ਆਪਣੇ ਕੀ ਵਿਚਾਰ ਰੱਖ ਸਕਦਾ ਹਾਂ? ਕਿਉਂਕਿ ਮੇਰੀ ਤਾਂ ਕੋਈ ਖਾਸ ਵਿਚਾਰਧਾਰਾ ਹੀ ਨਹੀਂ। ਮੈਂ ਤਾਂ ਮਹਾਂ-ਬਲੀ ਯੋਧਿਆਂ ਅੱਗੇ ਇਹੀਓ ਹੱਥ ਜੋੜਕੇ ਬੇਨਤੀ ਕਰਨੀ ਚਾਹਵਾਂਗਾ ਕਿ ਮੇਰੇ ਵਰਗੇ ਹੀ ਹੋਰ ਨਿੱਕੇ ਤੇ ਨਿਤਾਣੇ ਜਾਨਵਰਾਂ ਦਾ ਖਿਆਲ ਰੱਖਦਿਆਂ ਵਕਤ-ਬੇਵਕਤ ਉਨ੍ਹਾਂ ਲਈ ਹਮੇਸ਼ਾ ਢਾਲ ਬਣਿਆ ਜਾਵੇ। ਇਸੇ ਆਸ ਤੇ ਉਮੀਦ ਨਾਲ ਮੈਂ ਤੁਹਾਡੇ ਸਨਮੁੱਖ ਇੱਕ ਗਾਣਾ ਪ੍ਰਸਤੁਤ ਕਰਨ ਦੀ ਆਗਿਆ ਚਾਹਾਂਗਾ ਜੀ--

(ਕਈ ਜਾਨਵਰ ਹੱਸਣ ਲੱਗਦੇ ਹਨ। ਕੁਝ ਬੋਲਦੇ ਵੀ ਹਨ--ਹਾਂ-ਹਾਂ--ਉਹੀ ਵਾਲਾ ਗਾਣਾ ਗਿੱਦੜ ਜੀ--ਉਹੀ ਜੋ ਤੁਸੀ ਹਮੇਸ਼ਾ ਗੁਣਗੁਣਾਉਂਦੇ ਰਹਿੰਦੇ ਹੋ, ਸੁਣਾਓ)

ਗਿੱਦੜ (ਚਿੰਘਾੜ ਕੇ) ਡਰ ਲਗੇ ਤੋ ਗਾਣਾ ਗਾ--ਡਰ ਲਗੇ ਤੋ ਗਾਣਾ ਗਾ---ਗਾਣਾ ਆਏ ਜਾਂ ਨਾ ਆਏ---ਗਾਣਾ ਚਾਹੀਏ---ਡਰ ਲਗੇ ਤੋ---। ਗਿੱਦੜ ਅੱਧ-ਪਚੱਧਾ ਗਾਣਾ ਗਾਕੇ ਆਪਣੀ ਜਗ੍ਹਾ ਤੇ ਜਾਕੇ ਬੈਠ ਜਾਂਦਾ ਹੈ। ਤਾੜੀਆਂ।)

ਬੱਬਰ ਸ਼ੇਰ (ਪ੍ਰਸੰਨ ਹੋਕੇ) ਤੁਸਾਂ ਸਾਰਿਆਂ ਨੇ ਗਿੱਦੜ ਜੀ ਦਾ ਇਕ ਮਧੁਰ ਗਾਣਾ ਬਹੁਤ ਹੀ ਧਿਆਨ ਨਾਲ ਸੁਣਿਆ, ਹੁਣ ਮੈਂ ਖਰਗੋਸ਼ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਉਹ ਵੀ ਇਸ ਗੰਭੀਰ ਮਸਲੇ ਤੇ ਚੰਦ ਵਿਚਾਰ ਸਾਡੇ ਨਾਲ ਸਾਂਝੇ ਕਰਨ। ਸ਼੍ਰੀ ਖਰਗੋਸ਼ ਜੀ--

(ਤਾੜੀਆਂ। ਖਰਗੋਸ਼ ਮੰਚ ਤੇ ਆਉਂਦਾ ਹੈ)

ਖਰਗੋਸ਼ ਬੱਚਿਆਂ ਵਾਂਗ) ਮੈਂ ਤਾਂ ਤੁਹਾਡਾ ਸਾਰਿਆਂ ਦਾ ਬੱਚਾ ਹਾਂ ਤੇ ਦਾਲ ਦਾ ਥੋੜ੍ਹਾ ਕੱਚਾ ਹਾਂ। ਮੈਂ ਵੀ ਤੁਹਾਨੂੰ ਇੱਕ ਗੀਤ ਸੁਣਾਕੇ ਨਿਹਾਲ ਕਰਾਂਗਾ, ਆਪਣਾ ਬੇੜਾ ਪਾਰ ਕਰਾਂਗਾ---ਖੀਂ--ਖੀਂ---ਖੀਂ---। ਲਓ ਜੀ ਸੁਣੋ--ਬੱਚੇ ਮਨ ਕੇ ਸੱਚੇ---ਸਾਰੇ ਜੱਗ ਕੀ ਆਂਖ ਕ ਤਾਰੇ---ਯੇ ਵੋ ਨੰਨ੍ਹੇ ਫੂਲ ਹੈਂ ਜੋ ਭਗਵਾਨ ਕੋ ਲਗਤੇ ਪਿਆਰੇ--ਬੱਚੇ--

(ਤਾੜੀਆਂ। ਖਰਗੋਸ਼ ਖੁਸ਼ ਹੁੰਦਾ ਹੋਇਆ ਆਪਣੀ ਥਾਂ ਤੇ ਜਾ ਬੈਠਦਾ ਹੈ)

ਬੱਬਰ ਸ਼ੇਰ ਗੁੱਡ, ਵੈਰੀ ਗੁੱਡ! ਬਹੁਤ ਅੱਛੇ ਬੱਚੇ--। ਹੁਣ ਮੈਂ ਇਸ ਜੰਗਲ ਰਾਜ ਦੇ



ਸਭ ਤੋ ਫੁਰਤੀਲੇ ਜਾਨਵਰ ਹਿਰਨ ਜੀ ਅੱਗੇ ਪ੍ਰਾਰਥਨਾ ਕਰਾਂਗਾ ਕਿ ਉਹ ਵੀ ਆਪਣੀ ਕੀਮਤੀ ਰਾਏ ਸਮੂਹ ਹਾਜ਼ਰੀਨ ਅੱਗੇ ਪੇਸ਼ ਕਰਨ। ਸ਼੍ਰੀ ਹਿਰਨ ਜੀ--

ਹਿਰਨ (ਮੰਚ ਤੇ ਪਹੁੰਚਕੇ ਨਖਰੇ ਨਾਲ) ਹਿਰਨ-ਹਿਰਨ-ਹਿਰਨ- ਮੈਂ ਹਾਂ ਸੂਰਜ ਦੀ ਇੱਕ ਕਿਰਨ--ਕਿਰਨ-ਕਿਰਨ--ਮੈਨੂੰ ਕੋਈ ਬਚਾ ਲਓ ਜੀ --ਨਹੀਂ ਤਾਂ ਮੈਂ ਲੱਗਿਆ ਜੇ ਗਿਰਨ-ਗਿਰਨ-ਗਿਰਨ--

(ਹਿਰਨ ਟਪੂਸੀਆਂ ਮਾਰਦਾ ਹੋਇਆ ਮੰਚ ਤੋਂ ਚਲਾ ਜਾਂਦਾ ਹੈ। ਤਾੜੀਆਂ, ਹਾਸਾ ਠੱਠਾ)

ਬੱਬਰ ਸ਼ੇਰ ਵਾਹ-ਵਾਹ--ਹਿਰਨ ਜੀ ਵਾਹ-- ਕਮਾਲ ਈ ਕਰ ਦਿੱਤੀ ਤੁਸਾਂ ਤੇ-- ਹੁਣ ਮੇਰੀ ਜਾਚੇ ਏਥੇ ਉਪਸਥਿਤ ਸਾਰੇ ਪ੍ਰਤੀਨਿਧੀ ਤੇ ਨੁਮਾਇੰਦਾ ਜਾਨਵਰ ਸਾਹਿਬਾਨ ਵਿੱਚੋਂ ਹੋਰ ਕੋਈ ਆਪਣੇ ਵਿਚਾਰ ਪ੍ਰਗਟ ਕਰਨ ਵਾਲਾ ਨਹੀਂ ਰਹਿ ਗਿਆ। ਸੋ ਹੁਣ ਮੈਂ ਚਾਹਵਾਂਗਾ ਕਿ ਕਿਸੇ ਅੰਤਿਮ ਨਤੀਜੇ ਤੇ ਪਹੁੰਚਣ ਲਈ ਖੁੱਲ੍ਹੀ ਬਹਿਸ ਕਰਵਾ ਲਈ ਜਾਵੇ। ਇਸ ਲਈ ਮੈਂ--

ਚੀਤਾ ਮੈਨੂੰ ਤਾਂ ਜਨਾਬ ਜੀ ਭੁੱਲ ਈ ਗਏ? ਕੀ ਮੇਰੇ ਵਿਚਾਰ ਕੋਈ ਅਹਿਮੀਅਤ ਨਹੀਂ ਰੱਖਦੇ? ਮੈਂ ਤਾਂ ਵਿਚਾਰਾਂ ਨਾਲ ਭਰਿਆ ਪਿਐਂ। ਇਸ ਜੰਗਲ ਰਾਜ ਵਿੱਚ ਮੈਂ ਮੂਹਰਲੀਆਂ ਸਫਾਂ ਵਿਚ ਆਉਂਦਾ ਹਾਂ। ਮੈਥੋਂ ਵਗੈਰ ਤਾਂ ਜੰਗਲ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਬੱਬਰ੍ਹੇਰ ਨਹੀਂ ਚੀਤਾ ਸਾਬ੍ਹ ਤੁਸਾਂ ਏਦਾਂ ਨਾ ਸੋਚੋ। ਤੁਹਾਡੇ ਬਿਨ੍ਹਾਂ ਅਸੀਂ ਸਾਰੇ ਕੀ ਹਾਂ? ਤੁਹਾਨੂੰ ਖੁੱਲ੍ਹਾ ਮੌਕਾ ਹੈ, ਖੁੱਲ੍ਹਕੇ ਆਪਣੇ ਦਿਲ ਦੀਆਂ ਗੱਲਾਂ ਸਾਡੇ ਨਾਲ ਸਾਂਝੀਆਂ ਕਰੋ।

ਚੀਤਾ ਬੱਸ ਜੀ ਹੁਣ ਰਹਿਣ ਈ ਦਿਓ ਸਰਦਾਰ ਬਹਾਦਰ ਬੱਬਰ ਸ਼ੇਰ ਜੀ-ਖੈਰ, ਗੈਂਡਾ ਜੀ ਤੇ ਹੋਰ ਵੱਡੇ ਤੇ ਅਹਿਮ ਜਾਨਵਰਾਂ ਤੇ ਮਹਾਂਰਥੀਆਂ ਵੱਲੋਂ ਪੇਸ਼ ਕੀਤੇ ਵਿਚਾਰਾਂ ਨਾਲ ਮੈਂ ਆਪਣੀ ਪੂਰਣ ਸਹਿਮਤੀ ਪ੍ਰਗਟ ਕਰਦਾ ਹਾਂ। ਆਗਿਆ ਅਕਾਲ ਪੁਰਖ ਦੀ, ਜੈ ਜੰਗਲੀਸਤਾਨ।

(ਇਸ ਦੇ ਉਤਰ ਵਜੋਂ ਦੂਸਰੇ ਜਾਨਵਰ ਵੀ ਨਾਅਰੇ ਲਗਾਉਂਦੇ ਹਨ)

ਲੂੰਬੜੀ (ਡਰਦਿਆਂ ਡਰਦਿਆਂ) ਵੈਸੇ ਤਾਂ ਮੈਂ ਹੁਣ ਮਹਾਂਰਥੀ ਚੀਤਾ ਸਾਹਿਬ ਤੋਂ ਬਾਅਦ ਬੋਲਦੀ ਚੰਗੀ ਨ੍ਹਹੀਂ ਲੱਗਦੀ, ਪਰ ਫਿਰ ਵੀ ਮੈਂ ਡਰ ਕੇ ਕਹਿੰਦੀ ਆਂ ਕਿ ਕੁਝ ਇੱਕ ਜਾਨਵਰ ਜਾਂ ਉਨ੍ਹਾਂ ਦੇ ਪ੍ਰਤੀਨਿਧੀ ਕਿਸੇ ਕਾਰਨ ਜਾਂ ਬੇਕਾਰਨ ਇਸ ਇਕੱਤਰਤਾ ਵਿਚ ਹਾਜ਼ਰ ਨਹੀਂ ਹੋ ਸਕੇ। ਇਸ ਲਈ ਕਿਉਂ ਨਾ ਅਗਲੀ ਵਿਸੇਸ਼ ਇਕੱਤਰਤਾ ਸੱਦ ਕੇ ਸਮੁੱਚੀ ਜਾਨਵਰ ਬਿਰਾਦਰੀ ਦੇ ਜਾਨਵਰ ਮੁਖੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਵਿਚਾਰਾਂ ਨੂੰ ਵੀ ਸੁਣਿਆ ਜਾਵੇ। ਮੇਰੀ ਤਾਂ ਡਰ ਡਰ ਕੇ ਬੇਨਤੀ ਹੈ ਕਿ ਸਾਨੂੰ ਸਾਰਿਆਂ ਦੇ ਰਾਇ-ਮਸ਼ਵਰੇ ਦਾ ਸਤਿਕਾਰ ਕਰਨਾ ਚਾਹੀਦੈ। ਮੈਂ ਤਾਂ ਇਹ ਵੀ ਕਹਿਣੀ---

ਚੀਤਾ (ਟੋਕਕੇ) ਪਰ ਮੈਂ ਲੂੰਬੜੀ ਦੀ ਪੇਸ਼ਕਸ਼ ਨਾਲ ਉਕਾ ਈ ਸਹਿਮਤ ਨਹੀ ਹਾਂ।

ਕਿਉਂਕਿ ਮੈਂ ਸਮਝਦਾ ਹਾਂ ਕਿ ਪਝੱਤਰ ਪਰਸੈਂਟ ਤੋਂ ਵਧੇਰੇ ਜਾਨਵਰਾਂ ਦੇ ਨੁਮਾਇੰਦੇ ਇਸ ਮਹਾਂ ਇਕੱਤਰਤਾ ਵਿਚ ਮੌਜੂਦ ਹਨ। ਜਿੱਥੋਂ ਤੱਕ ਬਘਿਆੜ ਸਾਬ੍ਹ ਤੇ ਭੇੜੀਆ ਜਾਂ ਇਸ ਤਰ੍ਹਾਂ ਦੇ ਹੀ ਹੋਰ ਕੁਝ ਇੱਕ ਜਾਨਵਰਾਂ ਦਾ ਤਾਅਲੁਕ ਹੈ ਉਨ੍ਹਾਂ ਦੀ ਹਮਾਇਤ ਵੀ ਹੰਡਰਡ ਪਰਸੈਂਟ ਸਾਡੇ ਖਾੜਕੂ ਇਰਾਦਿਆਂ ਦੀ ਹੀ ਪ੍ਰੋੜਤਾ ਕਰੇਗੀ। ਹੁਣ ਫੈਸਲਾ ਮਹਾਰਾਜਾ ਸਾਹਿਬ ਦੇ ਹੱਥਾਂ ਵਿੱਚ ਸੁਰੱਖਿਅਤ ਹੈ।

ਸ਼ੇਰ ਹਾਂ ਜੀ ਹਾਂ, ਸਾਡੇ ਖੂੰਖਾਰ ਬਾਦਸ਼ਾਹ ਸਲਾਮਤ ਜੋ ਵੀ ਫੈਸਲਾ ਦੇਣਗੇ ਉਹ ਸਾਨੂੰ ਸਾਰਿਆਂ ਨੂੰ ਮਨਜ਼ੂਰ ਹੋਵੇਗਾ।

ਬੱਬਰ ਸ਼ੇਰ ਮੇਰੇ ਜੰਗਲ ਦੇ ਪਿਆਰੇ ਤੇ ਸਤਿਕਾਰਤ ਸਾਥੀਓ, ਮੈਂ ਤੁਹਾਡੇ ਸਾਰਿਆਂ ਦੇ ਵਿਚਾਰ ਸੁਣੇ। ਮੈਂ ਵੇਖਿਐ ਕਿ ਸਾਰੇ ਜਾਨਵਰ ਇਕਮੱਤ ਨਹੀਂ ਹਨ। ਕੁਝ ਇੱਕ ਮਨੁੱਖ ਜਾਤੀ ਨਾਲ ਸਿੱਧਿਆਂ ਲੜਾਈ ਕਰਨ ਦੇ ਹੱਕ ਵਿਚ ਹਨ ਤੇ ਕੁਝ ਸ਼ਾਂਤੀ ਪੂਰਵਕ ਗੱਲਬਾਤ ਕਰਨ ਦੀ ਵਕਾਲਤ ਕਰਦੇ ਹਨ। ਇਸ ਸਬੰਧੀ ਕਿੰਨਾ ਚੰਗਾ ਹੋਵੇਗਾ ਜੇਕਰ ਆਪਾਂ ਵੋਟਿੰਗ ਕਰਵਾ ਲਈਏ। ਦੂਸਰੇ ਗੈਰਹਾਜ਼ਰ ਜਾਨਵਰਾਂ ਨੂੰ ਵੀ ਦੂਤ ਭੇਜਕੇ ਬੁਲਾ ਲਵਾਂਗੇ। ਕਿਉਂ ਕਿਵੇਂ ਰਹੇਗਾ ਦੋਸਤੋ?

(ਜਾਨਵਰਾਂ ਵਿਚ ਘੁਸਰ-ਮੁਸਰ ਹੁੰਦੀ ਹੈ। ਚੀਕ ਚਿਹਾੜਾ ਵੀ ਪੈਣ ਲੱਗਦਾ ਹੈ)

ਬੱਬਰ ਸ਼ੇਰ (ਗਰਜਕੇ) ਖਾਮੋਸ਼-- ਚੁੱਪ ਹੋ ਜਾਓ ਜਾਨਵਰੋ--ਜੇ ਤੁਸੀਂ ਏਦਾਂ ਹੀ ਸ਼ੋਰ ਤੇ ਚੀਕ ਚਿਹਾੜਾ ਪਾਉਂਦੇ ਰਹੇ ਤਾਂ ਕਿਸੇ ਵੀ ਸਮੱਸਿਆ ਦਾ ਸਮਾਧਾਨ ਮੁਸ਼ਕਿਲ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇੱਕ ਦੂਸਰੇ ਨੂੰ ਪਿਆਰ ਨਾਲ ਤੇ ਵਿਸ਼ਵਾਸ ਵਿਚ ਲੈਂਦੇ ਹੋਏ ਹੀ ਇਸ ਗੰਭੀਰ ਮਸਲੇ ਦਾ ਹੱਲ ਨਿਕਲੇਗਾ। ਇਸ ਲਈ ਮੈਂ ਸਾਰੇ ਹਾਜ਼ਰ ਵਿਭਿੰਨ ਜਾਨਵਰ-ਪ੍ਰਤੀਨਿਧਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਇੱਕ ਦੂਸਰੇ ਦੇ ਵਿਚਾਰਾਂ ਦੀ ਕਦਰ ਕਰਨਾ ਸਿੱਖਣ।

ਚੀਤਾ ਮੈਂ ਸ਼ਰ ਸਿੰਘ ਸ਼ੇਰ ਦਾ ਨਾਂ ਪਰਪੋਂ ਕਰਦਾ ਹਾਂ ਕਿ ਉਹ ਆਪਣੀ ਵਿਚਾਰਧਾਰਾ ਦਾ ਖੁੱਲ੍ਹ ਡੁੱਲ੍ਹਕੇ ਪ੍ਰਗਟਾਵਾ ਕਰਨ।

ਹਾਥੀ ਮੈਂ ਰਿੱਛ ਸਾਹਿਬ ਦਾ ਨਾਉਂ ਤਜਵੀਂ ਕਰਦਾ ਹਾਂ ਕਿ ਉਹ ਆਪਣੀ ਰਾਇ ਖੁੱਲ੍ਹਕੇ ਇਸ ਮਹਾਂ ਸਭਾ ਵਿੱਚ ਪ੍ਰਸਤੁਤ ਕਰਨ।

ਚੀਤਾ ਪਹਿਲਾਂ ਸ਼ੇਰ ਸਿੰਘ ਸਰਦਾਰ

ਹਾਥੀ ਪਹਿਲਾਂ ਸ਼੍ਰੀ ਰਿੱਛ ਸਾਹਬ

ਚੀਤਾ ਨਹੀਂ ਸ਼ੇਰ ਸਿੰਘ

ਹਾਥੀ ਨਹੀਂ ਰਿੱਛ ਸਾਬ੍ਹ

ਚੀਤਾ ਸ਼ੇਰ ਸਿੰਘ

ਹਾਥੀ--ਰਿੱਛ ਮਹਾਂਰਥੀ

ਚੀਤਾ ਸ਼ੇਰ-ਸ਼ੇਰ---ਸ਼ੇਰ-



ਹਾਥੀ--ਰਿੱਛ--ਰਿੱਛ--ਮਹਾਂ ਰਿੱਛ--

(ਦੋਨੋ ਜਣੇ ਸ਼ੇਰ-ਸ਼ੇਰ, ਰਿੱਛ-ਰਿਛ ਆਖਕੇ ਬਿੱਲੀਆਂ ਵਾਂਗ ਲੜਣ ਲਗਦੇ ਹਨ।)

ਬੱਬਰ ਸ਼ੇਰ(ਦਹਾੜਕੇ) ਖਾਮੋਸ਼---

(ਬੱਬਰ ਸ਼ੇਰ ਦੀ ਜ਼ੋਰਦਾਰ ਆਵਾਜ਼ ਸੁਣਕੇ ਸਾਰੇ ਇਕਦਮ ਚੁੱਪ ਹੋ ਜਾਂਦੇ ਹਨ)

ਬੱਬਰ ਸ਼ੇਰ (ਅਤਿ ਗੁੱਸੇ ਵਿਚ) ਤੁਸੀਂ ਜੰਗਲੀ ਜਾਨਵਰ ਕੁਝ ਨਹੀ ਕਰ ਸਕਦੇ। ਮੈਨੂੰ ਜਾਪਦੈ ਤੁਸੀ ਇੱਕ ਦਿਨ ਐਵੇਂ ਹੀ ਆਪਸ ਵਿਚ ਲੜ-ਲੜਕੇ ਮਰ ਜਾਵੋਗੇ। ਮੈਨੂੰ ਪੂਰਾ ਯਕੀਨ ਹੈ ਕਿ ਇਸ ਜੰਗਲ ਨੂੰ ਮਨੁੱਖੀਸਤਾਨ ਦੀ ਮਨੁੱਖਤਾ ਤਾਂ ਸ਼ਾਇਦ ਘੱਟ-ਵੱਧ ਹੀ ਕੋਈ ਨੁਕਸਾਨ ਪਹੁੰਚਾਵੇ ਪਰ ਤੁਸਾਂ ਜਾਨਵਰਾਂ ਨੇ ਆਪਣਾ ਤੇ ਇਸ ਜੰਗਲ ਦਾ ਸਰਵਬਨਾਸ਼ ਜ਼ਰੂਰ ਕਰ ਛੱਡਣਾ ਹੈ।

ਲੂੰਬੜੀ (ਡਰਦਿਆਂ ਕੰਬਦਿਆਂ) ਮਹਾਰਾਜਾ ਸਾਹਿਬ, ਛੋਟਾ ਮੂੰਹ ਵੱਡੀ ਬਾਤ, ਜੇਕਰ ਸਭਾਪਤੀ ਜੀ ਦੀ ਇਜਾਜ਼ਤ ਹੋਵੇ ਤਾਂ ਮੈਂ ਆਪਣੀ ਇਕ ਤਜਵੀਜ਼ ਰੱਖ ਸਕਦੀ ਆਂ ?

ਬੱਬਰ ਸ਼ੇਰ (ਗੁੱਸੇ ਨਾਲ ਹੀ) ਹਾਂ ਰੱਖ, ਤੂੰ ਕੀ ਰੱਖਦੀ ਐਂ?

ਲੂੰਬੜੀ ਮੇਰੀ ਤਜਵੀਜ਼ ਐ ਰਾਜਾ ਸਾਹਿਬ ਕਿ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਖਾੜਕੂਆਂ ਤੇ ਨਰਮਦਲੀਆਂ--ਦੋਵੇਂ ਧਿਰਾਂ ਨੂੰ ਵਿਸ਼ਵਾਸ ਵਿੱਚ ਲੈਕੇ ਈ ਕੋਈ ਫੈਸਲਾ ਲੈਣਾ ਜਾਨਵਰ-ਹਿੱਤ ਵਿਚ ਹੋਵੇਗਾ। ਸ਼ਾਂਤੀ ਤੇ ਅਮਲ ਪੂਰਵਕ ਢੰਗ ਤਰੀਕੇ ਨਾਲ ਆਪ ਜੀ ਨੂੰ ਕੁਝ ਜਾਨਵਰ-ਨੁਮਾਇੰਦੇ ਮਨੁੱਖੀਸਤਾਨ ਦੀ ਸਰਕਾਰ ਨਾਲ ਗੱਲਬਾਤ ਕਰਨ ਲਈ ਭੇਜਣੇ ਚਾਹੀਦੇ ਨੇ।

(ਤਾੜੀਆਂ ਨਾਲ ਸਵਾਗਤ ਹੁੰਦਾ ਹੈ)

ਬੱਬਰ ਸ਼ੇਰ ਹੂੰਅ, ਇਸ ਬੀਬਾ ਦਾ ਸੁਝਾਓ ਮੇਰੇ ਦਿਲ ਨੂੰ ਲੱਗਾ ਹੈ ਕਿ ਖਾੜਕੂ ਤੇ ਗੈਰ-ਖਾੜਕੂਆਂ ਦੇ ਪ੍ਰਤੀਨਿਧਾਂ ਦੀ ਇਕ ਟੀਮ ਨੂੰ ਮਨੁੱਖੀਸਤਾਨ ਦੀ ਸਰਕਾਰ ਨਾਲ ਗੱਲਬਾਤ ਲਈ ਭੇਜੀ ਜਾਵੇ ਤਾਂ ਕਿ ਇਸ ਅਤਿ-ਗੰਭੀਰ ਮਸਲੇ ਦਾ ਕੋਈ ਹੱਲ ਲੱਭਿਆ ਜਾ ਸਕੇ ਅਤੇ ਆਪਣੇ ਜਾਨਵਰਾਂ ਦੀਆਂ ਮੁੱਲਵਾਨ ਜਾਨਾਂ ਅਤੇ ਆਪਣੇ ਪਿਆਰੇ ਜੰਗਲ ਦੇਸ ਨੂੰ ਬਚਾਇਆ ਜਾ ਸਕੇ।

ਸ਼ੇਰ ਨਹੀਂ ਇਹ ਕਦਾਚਿਤ ਵੀ ਸੰਭਵ ਨਹੀਂ,ਇਹ ਸਾਡੀ ਜਾਨਵਰ -ਕੌਮ ਤੇ ਜੰਗਲ ਰਾਜ ਦੇ ਹਿੱਤ ਵਿੱਚ ਨਹੀਂ ਹੋਵੇਗਾ। ਉਂਜ ਵੀ ਇਨ੍ਹਾਂ ਜ਼ਾਲਿਮ ਤੇ ਜਾਬਰ ਮਨੁੱਖੀਸਤਾਨ ਦੇ ਲੋਕਾਂ ਦਾ ਕੀ ਪਤਾ ਕਿ ਉਹ ਸਾਡੇ ਸ਼ਾਂਤੀ-ਵਾਰਤਾ ਲਈ ਭੇਜੇ ਗਏ ਨੁਮਾਇੰਦਿਆਂ ਨੂੰ ਕੋਈ ਸਕੀਮ ਘੜਕੇ ਕੈਦ ਹੀ ਕਰ ਲੈਣ? ਅਜਿਹਾ ਕਰਕੇ ਉਹ ਸਾਡੇ ਜਾਨਵਰ-ਪ੍ਰਤੀਨਿਧਾਂ ਨੂੰ ਮਨੁੱਖਤਾ ਦਾ ਵਾਸਤਾ ਦੇਕੇ ਤਸ਼ੱਦਦ ਵੀ ਢਾਹ ਸਕਦਾ ਹਨ।

ਗੈਂਡਾ ਜਾਂ ਫਿਰ ਉਹ ਸਾਨੂੰ ਗ੍ਰਿਫਤਾਰ ਕਰਕੇ ਆਪਣੀਆਂ ਸਰਕਸਾਂ ਤੇ ਚਿੜੀਆਂ ਘਰਾਂ ਲਈ ਵੀ ਵਰਤ ਸਕਦਾ ਹੈ?

**(ਬਾਕੀ ਅਗਲੇ ਅੰਕ 'ਚ)**

# ਸਮੀਖਿਆ

## ਸੂਬਾ ਸਰਹਿੰਦ ਹਾਲੇ ਮਰਿਆ ਨਹੀਂ !

(ਕਾਵਿ ਸੰਗ੍ਰਹਿ)

ਲੇਖਕ ਦਾ ਨਾਮ :ਸੁਖਦੇਵ ਸਿੱਧੂ

ਪ੍ਰਕਾਸ਼ਕ ਦਾ ਨਾਮ : ਪੰਜ ਆਬ ਪ੍ਰਕਾਸ਼ਨ, ਜਲੰਧਰ

ਪੰਨੇ : 200

ਕੀਮਤ : 250/-

ਸਾਹਿਤ ਵਿੱਚ ਕੋਈ ਵੀ ਲਹਿਰ ਖਤਮ ਨਹੀਂ ਹੁੰਦੀ ਸਗੋਂ ਉਸ ਦੀਆਂ ਸੰਭਾਵਨਾਵਾਂ ਮੱਧਮ ਜਰੂਰ ਪੈ ਜਾਂਦੀਆਂ ਹਨ। ਬੇਸ਼ੱਕ ਜੁਝਾਰ ਵਿਦਰੋਹੀ ਕਾਵਿ-ਧਾਰਾ ਤੋਂ ਬਾਅਦ ਹੋਰ ਕਈ ਕਾਵਿ-ਪ੍ਰਵਿਰਤੀਆਂ ਨੇ ਆਪਣੇ ਅਹਿਸਾਸ ਕਰਵਾਏ ਪਰ ਜਿਸ ਸਮਾਜ ਵਿੱਚ ਆਰਥਿਕ ਵਖਰੇਵਾਂ ਅਤੇ ਰਾਜਨੀਤੀ ਦੀਆਂ ਕੁਟਿਲ ਚਾਲਾਂ ਗਤੀਮਾਨ ਰਹਿਣਗੀਆਂ, ਉਦੋਂ ਸਾਹਿਤ ਵਿੱਚ ਅਜਿਹੀਆਂ ਜੁਝਾਰੂ ਚੇਤਨਾ ਵਾਲੀਆਂ ਸਾਕਾਰਤਮਿਕ ਸੁਰਾਂ ਜੀਵਿਤ ਰਹਿਣਗੀਆਂ ਹੀ ਰਹਿਣ ਗੀਆਂ। ਸੁਖਦੇਵ ਸਿੱਧੂ ਅਧਿਆਪਕ ਅਤੇ ਯੂਨੀਅਨਿਸਟ ਤੋਂ ਇਲਾਵਾ ਆਪਣੀ ਸ਼ਾਇਰੀ ਵਿੱਚ ਅਜਿਹੇ ਸੁਹਿਰਦ ਸੰਵਾਦ ਰਚਾਉਂਦਾ ਹੈ ਜੋ ਖਲਨਾਇਕੀ ਵਰਤਾਰਿਆਂ ਦੇ ਕੋਹਜ, ਧਾਰਮਿਕ ਪਰਪੰਚ ਸਾਜ਼ਿਸ਼ੀ ਰਾਜਨੀਤੀ ਅਤੇ ਸਮਾਜਿਕ ਮਰਯਾਦਾ ਦੀ ਤੌਹੀਨ ਆਦਿ ਸਰੋਕਾਰਾਂ ਨੂੰ ਨੰਗਿਆਂ ਕਰਦੇ ਹਨ। ਸਾਧਨ ਸੰਪੰਨ ਧਿਰ ਅਤੇ ਸਾਧਨਹੀਣ ਧਿਰ ਦੇ ਆਪਸੀ ਤਨਾਓ ਅਤੇ ਟਕਰਾਓ ਵਿਚੋਂ ਉਹ ਸਾਧਨਹੀਣ ਧਿਰ ਦੇ ਵਸਤੂ-ਨਿਸਚੇ ਅਤੇ ਆਤਮਨਿਸਠ ਸੰਕਟਾਂ ਨੂੰ ਸਹਿਜ ਰੂਪ ਵਿੱਚ ਸੰਚਾਰਿਤ ਕਰਦਾ ਆਪਣੀ ਇਕ ਵਿਲੱਖਣ ਪਹਿਚਾਣ ਸਥਾਪਤ ਕਰਦਾ ਹੈ। ਉਸਦੀ ਕਵਿਤਾ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਹ ਕਿਤੇ ਵੀ ਜੁਝਾਰੂ ਸੰਵਾਦ ਰਚਾ ਕੇ ਕਿਸੇ ਸੰਕਲਪ ਦਾ ਦਹਿਸਤੀ ਵਿਸਫੋਟ ਨਹੀਂ ਕਰਦਾ ਸਗੋਂ ਕਿਸੇ ਮੈਰਫਰ ਦਾ ਨਾਕਾਰਨ ਜਾਂ ਪੁਨਰ ਸਿਰਜਣਾ ਸੁਹਜ ਦੇ ਮਾਧਿਅਮ ਆਸਰੇ ਹੀ ਕਰਦਾ ਹੈ।

**ਡਾ. ਜਸਵੰਤ ਬੇਗੋਵਾਲ**

◆◆◆



ਸਮੇਂ ਸਮੇਂ ਤੇ ਸਮਾਜ ਵਿੱਚ ਕਈ ਅਣਮਨੁੱਖੀ ਵਰਤਾਰਿਆਂ ਨੇ ਲੋਕਾਈ ਨੂੰ ਜਾਗਰੂਕ ਕਰਨ ਹਿੱਤ ਕਈ ਲਹਿਰਾਂ ਨੂੰ ਜਨਮ ਦਿੱਤਾ। ਸਿੱਟੇ ਵਜੋਂ ਸਾਹਿਤ ਵਿੱਚ ਵੀ ਕਈ ਨਵੀਆਂ ਸੰਭਾਵਨਾਵਾਂ ਉਤਪੰਨ ਹੋਈਆਂ । ਇਹਨਾਂ ਕਾਵਿ ਪ੍ਰਵਿਰਤੀਆਂ ਵਿੱਚ ਜੁਝਾਰ ਵਿਦਰੋਹੀ ਕਾਵਿ ਨੇ ਰੁਮਾਂਟਿਕ ਕਾਵਿ ਨੂੰ ਹਾਸ਼ੀਏ ਤੇ ਧੱਕ ਦਿੱਤਾ।

ਪਾਸ਼, ਲਾਲ ਸਿੰਘ ਅਤੇ ਸੰਤ ਰਾਮ ਉਦਾਸੀ ਪ੍ਰਮੁੱਖ ਕਵੀ ਹੋਏ ਹਨ, ਜਿਹਨਾਂ ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਹਾਕਮ ਧਿਰ ਹੱਥੋਂ ਕਿਰਤੀ ਵਰਗ ਦੀ ਹੁੰਦੀ ਲੁੱਟ ਨੂੰ ਇਸ ਕਦਰ ਕਾਵਿਕ ਸੁਰ ਵਿੱਚ ਪੇਸ ਕੀਤਾ ਤਾਂ ਕਵਿਤਾ ਦਾ ਮੁਹਾਂਦਰਾ ਹੀ ਬਦਲ ਦਿੱਤਾ। ਬਾਅਦ ਵਿੱਚ ਇਸ ਲਹਿਰ ਦੇ ਮੱਧਮ ਪੈਣ ਨਾਲ ਹੋਰ ਕਾਵਿ ਪ੍ਰਵਿਰਤੀਆਂ ਨੇ ਆਪਣੀ ਹੋਂਦ ਦਰਸਾਈ। ਫਿਰ ਇਹ ਸਿਹਰਾ ਸੁਖਦੇਵ ਸਿੱਧੂ ਨੂੰ ਜਾਂਦਾ ਹੈ ਜਿਸਨੇ ਕਿਸਾਨੀ-ਮਜ਼ਦੂਰ ਵਰਗ ਦੀ ਹੋਣੀ ਨੂੰ ਬੇਬਾਕੀ ਨਾਲ ਜੁਝਾਰੂ ਸਬਦਾਵਲੀ ਵਰਤੀ, ਜਿਸਦੇ ਸਬਦਾਂ ਦੀ ਸਕਤੀ ਹਥੌੜੇ ਦੀ ਸੱਟ ਵਰਗੀ ਪ੍ਰਤੀਤ ਹੁੰਦੀ ਹੈ, ਕਿਉਂਕਿ ਇਹ ਕਾਵਿਕ ਸ਼ਬਦਾਂ ਵਿੱਚ ਕਿਰਤੀ ਵਰਗ ਦੀਆਂ ਚੀਖਾਂ ਮੌਜੂਦ ਹਨ।

ਜੁਝਾਰ ਵਿਦਰੋਹੀ ਕਾਵਿ ਦਾ ਪ੍ਰਾਣ ਤੱਤ ਟੱਕਰ ਹੈ, ਇਹ ਟੱਕਰ ਲੋਕ ਵਿਰੋਧੀ ਅਤੇ ਲੋਕ ਪੱਖੀ ਸਕਤੀਆਂ ਦੇ ਭਿੜਨ ਨਾਲ ਉਤਪੰਨ ਹੁੰਦੀਆਂ ਹਨ । ਸਿੱਧੂ ਆਪਣੇ ਵਤਨ ਨੂੰ ਜ਼ਿੰਦਾਬਾਦ ਅਤੇ ਗੰਦੇ ਲਾਣੇ ਨੂੰ ਮੁਰਦਾਬਾਦ ਐਲਾਨਦਾ ਹੈ। ਆਪਣੀਆਂ ਕਵਿਤਾਵਾਂ ਅਤੇ ਗੀਤਾਂ ਵਿੱਚ ਸਿੱਧੂ ਨੇ ਧਾਰਮਿਕ ਖੇਤਰ ਵਿੱਚ ਦੰਭੀਆਂ ਦੇ ਨਕਾਬ ਨੂੰ ਉਤਾਰਿਆ ਹੈ, ਭਰ ਜੋਬਨ ਮੁਟਿਆਰਾਂ ਦੇ ਸੁਫਨਿਆਂ ਦਾ ਸ਼ੋਸ਼ਣ ਚਿਤਰਿਆ ਹੈ। ਅਜਿਹੇ ਦੌਰ ਵਿੱਚ ਸੱਚ ਉੱਪਰ ਝੂਠ ਦਾ ਕਬਜਾ ਬਰਕਰਾਰ ਰਹਿੰਦਾ ਹੈ ।

ਲੋਕ ਪੱਖੀ ਪਹੁੰਚ ਸਦਕਾ ਸਿੱਧੂ ਜੁਝਾਰੂ ਕਵੀ ਹੋਣ ਦੇ ਨਾਲ ਨਾਲ ਮਾਨਵਵਾਦੀ ਕਵੀ ਹੈ।

**- ਪ੍ਰੋ. ਸਤਵਿੰਦਰ ਬੇਗੋਵਾਲੀਆ**

◆◆◆